# ਕੁਝ ਨਾ ਕਹੋ

ਰਵਿੰਦਰ ਸਹਿਰਾਅ ਦੀਆਂ ਹੋਰ ਕਾਵਿ-ਪੁਸਤਕਾਂ:-

ਚੁਰਾਏ ਪਲਾਂ ਦਾ ਹਿਸਾਬ (1980)

ਜ਼ਖ਼ਮੀਂ ਪਲ (1989)

ਅਮਰੀਕੀ ਪੰਜਾਬੀ ਕਵਿਤਾ (ਸਹਿ-ਸੰਪਾਦਨ, 1990)

ਰਿਸ਼ਤਾ ਸ਼ਬਦ ਸਲੀਬਾਂ ਦਾ (1998)

ਅੱਖਰਾਂ ਦੀ ਲੋਅ (2007)

ਕਾਗਦ, ਕਲਮ, ਕਿਤਾਬ (ਸਮੁੱਚਾ ਕਾਵਿ-ਸੰਗ੍ਰਹਿ)

ਜਿਊਣਾ: ਦਲਜੀਤ ਮੋਖਾ: ਕਾਵਿ ਤੇ ਸ਼ਖ਼ਸੀਅਤ (ਸਹਿ-ਸੰਪਾਦਨ, 2017)

# ਕੁਝ ਨਾ ਕਹੋ

(ਕਾਵਿ-ਸੰਗ੍ਰਹਿ)

ਰਵਿੰਦਰ ਸਹਿਰਾਅ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

Kujh Naa Kaho
Poems by
Ravinder Sahraa
3, Lambs Lane Jonestown, PA 17038 (USA)
Contact: (717) 575-7529
Email: ravisahra@gmail.com

ISBN: 978-93-87629-75-2
Rs. 150/-
2018

Printed and Bound In India
Published by
Chetna Parkashan
PUNJABI BHAWAN, LUDHIANA (Pb.) INDIA
Ph. 0161-2413613, 2404928, (M) 98152-98459, 98762-07774
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039

Canada Office: Gulati Publishers Ltd
SURREY, B.C. CANADA

Website: www.chetnaparkashan.com
E-mail: chetnaparkashan@gmail.com, gulatipublishersltd@gmail.com
Printer: R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced. stored in or introduced into a retrieval system, or transmitted in any form or by any means (electronic, mechanical. photo copying, recording or otherwise), without the prior written permission of both the copyright owner and the publisher of this book.

follow us on: www.facebook.com/ChetnaParkashan

## ਸਮਰਪਣ

**ਰੌਸ਼ਨ ਜ਼ਮੀਰ ਕਲਮਾਂ**

**ਦੇ ਨਾਂਅ**

ਸ਼ੁਕਰਾਨਾ

ਨਿੱਕੇ ਵੀਰ ਤੇ ਅਜ਼ੀਜ਼ ਸੁਰਿੰਦਰ ਸੋਹਲ ਦਾ

ਜਿਸ ਨੇ ਮਸਰੂਫ਼ੀਅਤ ਭਰੀ ਜ਼ਿੰਦਗੀ 'ਚੋਂ

ਵਕਤ ਕੱਢ ਕੇ

ਮੇਰੀ ਹੱਥ-ਲਿਖਤ ਨੂੰ

ਕਿਤਾਬੀ ਰੂਪ ਦਿੱਤਾ

-ਰਵਿੰਦਰ ਸਹਿਰਾਅ

ਤਤਕਰਾ

ਬਹੁਤ ਕੁਝ ਕਹਿੰਦੀ ਕਵਿਤਾ: ਕੁਝ ਨਾ ਕਹੋ - ਅੰਬਰੀਸ਼.........09

ਕੁਝ ਨਾ ਕਹੋ.........13

ਪੰਜਾਬ ਬੀਮਾਰ ਹੈ.........15

ਉਹ ਤੇ ਕਿਤਾਬਾਂ.........17

ਸਿਆਲ.........19

ਜੇ ਤੇਰੀ ਇਹੋ ਇੱਛਾ ਹੈ.........20

ਨਦੀ ਦੇ ਨਾਲ਼-ਨਾਲ਼.........22

ਪਲਸਤੀਨੀ ਕੁੜੀ ਤੇ ਚੱਪਲ.........24

ਏਹ ਕੇਹਾ ਰਾਜਾ ਹੈ.........27

ਗੱਲਬਾਤ ਪਿੰਡ ਨਾਲ.........30

ਨਿਊਯਾਰਕ.........33

ਚਾਹੁੰਦਾ ਹਾਂ ਤੈਨੂੰ.........34

ਸਾਮਰਾਜ.........35

ਨਜ਼ਮ.........37

ਚਾਹਤ.........38

ਕਿੱਥੇ ਗਏ ਨੇ ਉਹ ਰਾਹ?.........39

ਸੁਪਨਾ.........40

ਨੱਚਦੀ ਨਜ਼ਮ.........41

ਸਿਰਜਕ.........42

ਡੀ.........43

ਹਵਾ ਤੇ ਚਿੜੀ.........45

ਮਖੌਟਾਧਾਰੀ.........47

ਸਤਰੰਗੀ ਪੀਂਘ.........49

ਬਦਲਦੀ ਰੁੱਤ..........51

ਅਤੀਤ ਦੇ ਛਿਣ..........53

ਅਸੀਂ ਵੱਖਰੇ ਆਂ..........55

ਜੇ ਮਿਲਣਾ ਹੈ..........57

ਤੁਸੀਂ ਪਰਖਦੇ ਹੋ..........59

ਅਸਫ਼ਲਤਾ..........61

ਮੇਘਲੇ ਨੂੰ ਬਰਸ ਲੈਣ ਦਿਉ..........63

ਬੈਕ-ਯਾਰਡ 'ਚ ਕੰਮ ਕਰਦਿਆਂ..........66

ਥਕਾਵਟ..........68

ਭਗਤ ਸਿੰਘ ਦੀ ਜਨਮ ਸ਼ਤਾਬਦੀ 'ਤੇ..........71

ਬੱਸ 'ਚ ਸਫ਼ਰ ਕਰਦਿਆਂ..........73

ਅਜਿਹੇ ਮੌਸਮਾਂ ਅੰਦਰ..........75

ਕਿੰਨਾ ਚੰਗਾ ਲੱਗਦਾ ਹੈ..........78

ਸਾਵਣ..........80

ਸ਼ਬਦਾਂ ਦੀ ਸੰਗਤ: ਨਜਮ ਹੁਸੈਨ ਸੱਯਦ..........82

ਸ਼ਬਦਾਂ ਦਾ ਡਾਕਟਰ: ਸਵਰਾਜਬੀਰ..........87

ਦਲਜੀਤ ਮੋਖਾ ਹਾਜ਼ਿਰ ਹੋ..........90

ਮੁਹੱਬਤ ਦਾ ਸਿਰਨਾਵਾਂ: ਬੱਬੋ..........96

ਕਾਵਿ-ਚਿੱਤਰ

ਨੱਕੋ-ਨੱਕ ਭਰਿਆ ਰਵਿੰਦਰ ਸਹਿਰਾਅ: ਮੋਹਨਜੀਤ..........101

ਬਹੁਤ ਕੁਝ ਕਹਿੰਦੀ ਕਵਿਤਾ: ਕੁਝ ਨਾ ਕਹੋ

-ਅੰਬਰੀਸ਼

ਉਹ ਸਹਿਜ ਹੈ

ਮਲਕੜੇ ਜਿਹੇ ਮੁਸਕਰਾਉਂਦਾ
ਮਲਕੜੇ ਜਿਹੇ ਗੱਲ ਕਰਦਾ ਹੈ

ਇਹ ਸਤਰਾਂ ਲਿਖੀਆਂ ਤਾਂ ਉਹਨੇ ਨਜਮ ਹੁਸੈਨ ਸੱਯਦ ਲਈ ਨੇ, ਕਵਿਤਾ 'ਸ਼ਬਦਾਂ ਦੀ ਸੰਗਤ: ਨਜਮ ਹੁਸੈਨ ਸੱਯਦ' 'ਚ, ਇਹ ਰਵਿੰਦਰ ਸਹਿਰਾਅ ਦੇ ਸੁਭਾਅ 'ਤੇ ਵੀ ਐਨ ਢੁੱਕਦੀਆਂ ਨੇ। ਪਰ ਜਦੋਂ ਉਹ ਨਜ਼ਮ ਲਿਖਦਾ ਹੈ ਤਾਂ ਉਹ ਇਸ ਸਹਿਜ ਤੇ ਸ਼ਾਇਸਤਗੀ ਨੂੰ ਤਿਲਾਂਜਲੀ ਦੇ ਦੇਂਦਾ ਹੈ। ਉਹਦੀ ਕਵਿਤਾ 'ਚ ਥਾਂ-ਪੁਰ-ਥਾਂ, 'ਜੋ ਹੈ' ਨੂੰ ਬਦਲਣ ਦਾ ਜਜ਼ਬਾ ਹੈ। ਹਾਕਮ ਜਮਾਤ ਪ੍ਰਤੀ ਰੋਹ ਤੇ ਨਫ਼ਰਤ ਹੈ। ਉਹ ਇਹਦੀਆਂ ਚਾਲਬਾਜ਼ੀਆਂ, ਛਲ ਅਤੇ ਭਰਮਾਊ ਕੂਟਨੀਤੀਆਂ ਨੂੰ ਸਮਝਦਾ ਹੈ ਪਰ ਹਰ ਆਮ ਇਨਸਾਨ ਵਾਂਙ, ਇਸ ਸਥਿਤੀ ਨੂੰ ਬਦਲਣ 'ਚ ਅਸਮਰੱਥ ਹੈ। ਇਹ ਬੇਬਸੀ ਉਹਦੀ ਕਵਿਤਾ 'ਚ ਬੋਲਦੀ ਹੈ।

ਪੁਸਤਕ ਦਾ ਨਾਂ 'ਕੁਝ ਨਾ ਕਹੋ' ਰੱਖਣ ਪਿੱਛੇ ਵੀ ਕੀ ਇਹੋ ਬੇਬਸੀ ਹੈ?

ਉਹਨੂੰ ਸੁਫ਼ਨੇ ਦੇ ਟੁੱਟਣ ਦਾ ਦਰਦ ਹੈ:

.....ਇੰਞ ਅਸੀਂ
ਜਿੱਤਦੇ-ਜਿੱਤਦੇ ਵੀ
ਦਹਾਕਿਆਂ ਮਗਰੋਂ
ਓਥੇ ਦੇ ਓਥੇ ਖੜ੍ਹੇ ਹਾਂ...।

ਫਿਰ ਵੀ ਉਹ ਆਪਣੇ ਅੰਦਰਲੇ ਕ੍ਰਾਂਤੀਕਾਰੀ ਜਜ਼ਬੇ ਨੂੰ ਮਰਨ ਨਹੀਂ ਦਿੰਦਾ:

ਤੁਸੀਂ ਜੋ ਕਤਲ ਕੀਤੇ ਨੇ
ਅਸਾਡੇ ਰੰਗਲੇ ਸੁਫ਼ਨੇ
ਉਨ੍ਹਾਂ ਦਾ ਹਿਸਾਬ ਲੈਣਾ ਹੈ

ਅਸਾਡਾ ਇਹੀ ਕਹਿਣਾ ਹੈ

ਕਿਉਂਕਿ ਅਸੀਂ ਅੱਥਰੇ ਹਾਂ

ਤੇ ਹਾਂ! ਅਸੀਂ ਵੱਖਰੇ ਹਾਂ ...

**

ਅਜਿਹੇ ਮੌਸਮਾਂ ਅੰਦਰ

ਬੜਾ ਹੀ ਲਾਜ਼ਮੀ ਹੋ ਜਾਂਦੈ

ਠੰਢੇ ਯਖ਼ ਹੋ ਕੇ

ਬਰਫ਼ ਬਣੇ ਖ਼ਿਆਲਾਂ ਨੂੰ

ਲਗਾਤਾਰ ਮਘਾਈ ਰੱਖਣਾ

ਇਹੀ ਜਜ਼ਬਾ ਲਗਾਤਾਰ ਮਘਾਈ ਰੱਖਣਾ ਉਹਦੇ ਜੀਵਨ ਨੂੰ ਮਕਸਦ ਦਿੰਦਾ ਹੈ। ਇਹੀ ਉਸ ਤੋਂ ਕਵਿਤਾ ਲਿਖਵਾਉਂਦਾ ਹੈ।

ਅਮਰੀਕਾ 'ਚ ਰਹਿੰਦਾ, ਉਹ ਇਸ ਸਾਮਰਾਜੀ ਦੈਂਤ- ਜਿਹੜਾ ਕਿ ਹਰ ਨਿੱਕੇ-ਵੱਡੇ ਦੇਸ਼ ਨੂੰ ਆਪਣੇ ਥੱਲੇ ਲਾ ਕੇ ਰੱਖਣਾ ਚਾਹੁੰਦਾ ਹੈ- ਦੀਆਂ ਨੀਤੀਆਂ ਦਾ ਸਖ਼ਤ ਵਿਰੋਧੀ ਹੈ। ਅੱਜ-ਕੱਲ੍ਹ ਤਾਂ ਜਿਸ ਫ਼ਾਸ਼ੀਵਾਦੀ, ਜਾਤੀਵਾਦੀ ਤੇ ਝੂਠੇ 'ਰਾਜੇ' ਦੇ ਹੱਥ 'ਚ ਇਸ ਮਹਾਂਦੇਸ਼ ਦੀ ਸੱਤਾ ਹੈ, ਕਵੀ ਦਾ ਵਿਰੋਧ ਤੇ ਫ਼ਿਕਰ ਹੋਰ ਵੀ ਵਧ ਗਿਆ ਹੈ।

ਇਹ ਫ਼ਿਕਰ ਉਹਨੂੰ ਆਪਣੇ ਅਪਣਾਏ ਦੇਸ਼ ਦਾ ਹੀ ਨਹੀਂ, ਪਿੱਛੇ ਛੱਡੇ ਗਏ ਵਤਨ ਦਾ ਵੀ ਹੈ। ਸੌੜੇ ਰਾਜਸੀ ਹਿੱਤਾਂ ਵਾਸਤੇ ਕਿੰਞ ਹੁਕਮਰਾਨ ਆਮ ਲੋਕਾਂ ਨੂੰ ਕੁਰਾਹੇ ਪਾਉਂਦੇ ਤੇ ਛਲਦੇ ਨੇ; ਕਿੰਞ ਵੋਟ-ਰਾਜਨੀਤੀ, ਆਪਣੇ ਨਾਪਾਕ ਇਰਾਦਿਆਂ ਲਈ ਲੋਕਾਈ ਨੂੰ ਵਰਤਦੀ ਹੈ, ਇਹ ਉਹਦੀ ਕਵਿਤਾ ਸਾਫ਼ ਬਿਆਨ ਕਰਦੀ ਹੈ। ਦੇਸ਼ ਦਾ ਭਗਵਾਂਕਰਨ, ਪੰਜਾਬੀ ਦੀ ਸਿਆਸੀ ਗੁੰਡਿਆਂ ਦੁਆਰਾ ਲੁੱਟ-ਖੁਸੱਟ ਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ, ਪੁਲਿਸ ਤੇ ਰਾਜਸੀ ਆਗੂਆਂ ਦੀ ਮਿਲੀਭੁਗਤ- ਸੱਤ ਸਮੁੰਦਰ ਪਾਰ ਵੀ ਉਹਨੂੰ ਪੂਰੀ ਖ਼ਬਰ ਹੈ। 'ਕੁਝ ਨਾ ਕਹੋ ਵਾਲੀ ਸਥਿਤੀ 'ਚ ਹੋਣ ਦਾ ਮਲਾਲ ਹੈ।

ਮੂਲ ਰੂਪ 'ਚ ਇਸ ਰਾਜਸੀ- ਕ੍ਰਾਂਤੀਕਾਰੀ ਕਵਿਤਾ 'ਚ, ਜਦੋਂ ਕਦੇ ਉਹ ਕਾਇਨਾਤ, ਕੁਦਰਤ, ਫੁੱਲਾਂ-ਬੂਟਿਆਂ, ਮੌਸਮਾਂ, ਪ੍ਰੇਮ ਆਦਿ ਦੀਆਂ ਮਲੂਕ ਗੱਲਾਂ ਕਰਦਾ ਹੈ ਤਾਂ ਜਿਉਂ ਕਿਸੇ ਅੱਤ ਦੇ ਹੁੰਮਸੇ ਤੇ ਗਰਮ ਦਿਨ, ਠੰਢੀ ਪੌਣ ਰੁਕਮਕਦੀ ਹੈ:

ਚੈਰੀ ਦੇ ਬੂਟੇ

ਲੱਦੇ ਗਏ ਹਨ

ਸਫ਼ੈਦ ਫੁੱਲਾਂ ਨਾਲ

ਇੰਞ ਲੱਗਦਾ ਹੈ

ਜਿਵੇਂ ਧਰਤੀ 'ਤੇ

ਹਜ਼ਾਰਾਂ ਕਬੂਤਰ ਤੇ ਘੁੱਗੀਆਂ

ਉੱਤਰ ਆਏ ਹੋਣ

ਤੇ ਲੋਕਾਈ ਨੂੰ

ਅਮਨ ਦਾ ਸੁਨੇਹਾ ਦੇ ਰਹੇ ਹੋਣ

*

ਚੰਨ ਚਾਨਣੀ

ਰੁੱਖਾਂ ਦੀਆਂ ਟਾਹਣੀਆਂ 'ਚੋਂ

ਛਣ-ਛਣ ਕੇ ਜ਼ਮੀਨ ਚੁੰਮ ਰਹੀ ਹੈ

ਚਾਨਣੀ ਦਾ ਜ਼ਮੀਨ ਚੁੰਮਣਾ

ਕਿੰਨਾ ਚੰਗਾ ਲੱਗਦਾ ਹੈ

*

ਚਰਾਂਦਾਂ 'ਚ ਚੁਗ ਰਹੇ ਨੇ

ਗਾਂਵਾਂ, ਭੇਡਾਂ ਤੇ ਘੋੜੇ

ਸੂਤ ਕੱਤ ਰਹੀਆਂ ਨੇ ਮੱਕੀਆਂ

ਝੂਲਦੀਆਂ, ਲਹਿਰਾਉਂਦੀਆਂ

ਮਨ ਨੂੰ ਭਾਉਂਦੀਆਂ

ਗਿੱਧੇ 'ਚ ਨੱਚਦੀਆਂ ਜਿਉਂ

ਕੱਠੀਆਂ ਹੋ ਸਖੀਆਂ

*

ਚਾਹੁੰਦਾ ਹਾਂ ਤੈਨੂੰ

ਕਾਲਖ ਦੀ ਹਿੱਖ ਚੀਰਦੀ

ਦੀਵੇ ਦੀ ਲਾਟ ਵਾਂਗੂੰ

ਅਜੋਕੀ ਕਵਿਤਾ ਦੇ ਖੇਤਰ 'ਚ ਸ਼ੁੱਧਤਾਵਾਦੀ ਤੇ ‘ਸਟਾਇਲਿਸ਼' ਤੇ ਜਟਲ ਕਵੀ, ਉਹਦੀ ਕਵਿਤਾ 'ਚੋਂ ਮੀਨ-ਮੇਖ ਕੱਢ ਸਕਦੇ ਨੇ ਪਰ ਰਵਿੰਦਰ ਸਹਿਰਾਅ ਜੋ ਹੈ, ਸੋ ਹੈ। ਉਹ, ਉਹ ਕਵੀ ਬਣਨ ਦੀ ਕੋਸ਼ਿਸ਼ ਨਹੀਂ ਕਰਦਾ, ਜੋ ਉਹ ਨਹੀਂ ਹੈ।

ਤੇ ਜੋ ਉਹ ਹੈ, ਉਹ ਇਕ ਸਰਲ, ਸਹਿਜ, ਆਵੇਗਮਈ, ਲੈਅਮਈ ਅਤੇ ਸਮਾਜਿਕ- ਰਾਜਨੀਤਿਕ ਚੇਤਨਾ ਨਾਲ ਲਬਰੇਜ਼ ਲੋਕਵਾਦੀ ਕਵੀ ਹੈ। ਜਿਹਦੀ ਕਵਿਤਾ 'ਚ ਸ਼ਬਦ ਅਟਕਦੇ ਨਹੀਂ, ਠੇਡੇ ਨਹੀਂ ਮਾਰਦੇ:

ਅਸਮਾਨ 'ਚ ਉੱਡਦੇ
ਪੰਛੀਆਂ ਦੀ
ਬੇਰੋਕ ਪਰਵਾਜ਼ ਵਾਂਗੂੰ...।

ਫ਼ੋਨ: 98143-89522

**ਕੁਝ ਨਾ ਕਹੋ**

ਕੁਝ ਵੀ ਨਾ ਕਹੋ
ਬਹੁਤ ਰੁੱਝੀ ਹੋਈ ਹੈ ਸਰਕਾਰ
ਕਦੇ ਵਾਈਟ ਹਾਊਸ
ਕਦੇ ਕੈਪੀਟਲ ਹਿੱਲ ਵਿਚ
ਹਿੱਲ-ਜੁੱਲ ਕਰਨੀ ਹੈ
ਗ਼ਲੀਚੇ ਬਦਲਣੇ ਹਨ
ਰੰਗ-ਰੌਸ਼ਨ ਕਰਨੇ ਹਨ
ਸੁਰੱਖਿਆ ਦਸਤਿਆਂ ਦੀ
ਸਟਾਫ਼ ਦੀ
ਜਾਂਚ-ਪੜਤਾਲ ਕਰਨੀ ਹੈ
ਅਜੇ ਤਾਂ ਹੋਰ ਵੀ
ਬੜਾ ਕਰਨਾ ਹੈ ਹਾਰ-ਸ਼ਿੰਗਾਰ
ਬਹੁਤ ਰੁਝੇਵਿਆਂ ਵਿਚ ਹੈ
ਅਜੇ ਤਾਂ ਸਰਕਾਰ

ਮੈਕਸੀਕੋ ਦੇ ਬਾਰਡਰ 'ਤੇ
ਅਰਬਾਂ ਡਾਲਰ ਖ਼ਰਚ ਕੇ
ਦਿਉ ਕੱਦ ਕੰਧ ਬਣਾਉਣੀ ਹੈ
ਇੰਮੀਗ੍ਰੇਸ਼ਨ ਵਿਚ
ਤਬਦੀਲੀ ਲਿਆਉਣੀ ਹੈ
ਬਿਨ-ਪੇਪਰਾਂ ਵਾਲਿਆਂ ਦੀ
ਫੜੋ-ਫੜਾਈ ਕਰਨੀ ਹੈ
ਤੇ ਭੇਜਣਾ ਹੈ ਦੇਸ਼ ਤੋਂ ਬਾਹਰ
ਬਹੁਤ ਰੁਝੀ ਹੋਈ ਹੈ ਸਰਕਾਰ
ਅਜੇ ਤਾਂ ਅਮੀਰਾਂ ਨੂੰ
ਟੈਕਸਾਂ 'ਚ ਰਾਹਤ ਦੇਣੀ ਹੈ
ਕਾਰਪੋਰੇਸ਼ਨਾਂ ਦਾ

ਰਿਣ ਚੁਕਾਉਣਾ ਹੈ
ਇੰਞ ਕਰ ਕੇ ਹੀ ਤਾਂ
ਮੁਲਕ ਨੂੰ ਮੁੜ ਤੋਂ
ਅਮੀਰ ਬਣਾਉਣਾ ਹੈ
ਗ਼ਰੀਬ ਜੇ ਭੁੱਖਾ ਮਰਦਾ ਹੈ
ਤਾਂ ਮਰੀ ਜਾਵੇ
ਕੀ ਕਰੇ ਵਿਚਾਰੀ
ਇਹ ਨਹੀਂ ਉਸਦਾ ਕਾਰੋਬਾਰ
ਬਹੁਤ ਰੁੱਝੀ ਹੋਈ ਹੈ ਸਰਕਾਰ

ਨਸਲੀ ਗਰੁੱਪਾਂ ਦੀ
ਪਿੱਠ ਥਾਪੜਨੀ ਹੈ
ਰੰਗ-ਭੇਦ ਨੂੰ
ਤਕੜਿਆਂ ਕਰਨਾ ਹੈ
ਦੰਗੇ ਕਰਾਉਣੇ ਹਨ
ਬੰਦੇ ਮਰਾਉਣੇ ਹਨ
ਬਸ ਉਮਰ ਕੀ ਹੈ ਇਸਦੀ
ਸਿਰਫ਼ ਸਾਲ ਚਾਰ
ਸੋ ਅਜੇ ਕੁਝ ਨਾ ਕਹੋ
ਬਹੁਤ ਰੁੱਝੀ ਹੋਈ ਹੈ ਸਰਕਾਰ

*

**ਪੰਜਾਬ ਬੀਮਾਰ ਹੈ**

ਆਉ ਇਸਦੀ
ਮਿਜ਼ਾਜ-ਪੁਰਸੀ ਕਰੀਏ
ਸੱਦੀਏ ਕੋਈ ਵੈਦ-ਹਕੀਮ
ਉੱਡ ਗਈ ਹੈ ਨੀਂਦ ਇਸਦੀ
ਜਾਗਦਾ ਵੀ ਬੁੜਬੁੜਾਉਂਦਾ ਹੈ
ਬੜਾ ਕੁਝ
ਲੁਕੋਇਆ ਹੈ ਇਸਨੇ
ਆਪਣੇ ਮਨ-ਮਸਤਕ ਅੰਦਰ
ਬੋਲਦਾ ਨਹੀਂ ਕੁਝ ਵੀ
ਪੁੱਛਦੇ ਹਾਂ ਜਦ ਵੀ
ਨਾਂਹ ਵਿਚ ਸਿਰ ਹਿਲਾਉਂਦਾ ਹੈ
ਝੂਰਰਦਾ ਰਹਿੰਦਾ ਹੈ ਦਿਨ-ਰਾਤ
ਚੁੱਪ-ਚਾਪ ਚੇਤਿਆਂ 'ਚ ਖੋਿਲ੍ਹਆ
ਘਟ ਗਈ ਏ ਹੁਣ ਤਾਂ
ਇਹਦੀ ਨਬਜ਼ ਰਫ਼ਤਾਰ ਹੈ
ਜੀ ਹਾਂ! ਪੰਜਾਬ ਬੀਮਾਰ ਹੈ

ਯਾਦ ਕਰਦਾ ਹੈ ਇਹ
ਨਾਨਕ ਨੂੰ, ਫ਼ਰੀਦ ਨੂੰ
ਵਾਰਿਸ ਨੂੰ, ਬੁੱਲ੍ਹੇ ਨੂੰ
ਨਿੱਤਰੇ ਹੋਏ ਪਾਣੀਆਂ ਨੂੰ
ਠੰਢੀਆਂ ਸਾਫ਼ ਹਵਾਵਾਂ ਨੂੰ
ਬੋਹੜਾਂ ਨੂੰ, ਪਿੱਪਲਾਂ ਨੂੰ
ਸਾਂਝੀਆਂ ਸੱਥਾਂ ਨੂੰ
ਤੂਤਾਂ ਦੀਆਂ ਛਾਵਾਂ ਨੂੰ
ਦਰਦ ਵੰਡਾਵਣ ਲਈ

ਮਿਲਕੇ ਜੋ ਬਹਿੰਦੇ ਸੀ
ਭੈਣਾਂ ਨੂੰ ਭਰਾਵਾਂ ਨੂੰ
ਹੁਣ ਤਾਂ ਹੈ ਖ਼ੁੱਸਿਆ-ਖ਼ੁੱਸਿਆ
ਇਸਦਾ ਸਤਿਕਾਰ ਹੈ
ਜੀ ਹਾਂ ! ਪੰਜਾਬ ਬੀਮਾਰ ਹੈ

ਧੀਆਂ-ਪੁੱਤਰ ਏਸਦੇ
ਪੈ ਗਏ ਕੁਰਾਹੇ ਨੇ
ਸੇਧੋਂ ਇਹ ਸੱਖਣ-ਸੱਖਣੇ
ਭਟਕਣ ਹੀ ਕੋਲ ਇਹਨਾਂ ਦੇ
ਘਰਾਂ ਵਿਚ ਮਿਲਦੇ ਤਾਹੀਓਂ
ਟੰਗੇ ਹੋਏ ਫਾਹੇ ਨੇ
ਗੀਤਾਂ ਦੇ ਵਿਚ ਹੀ ਬਸ ਹੁਣ
ਬੜ੍ਹਕਾਂ ਇਹ ਮਾਰਦਾ
ਜਾਤਾਂ ਦੇ ਵਿਚ ਹੈ ਖ਼ੁੱਭਿਆ
'ਮਰਜ਼ਾਂ' ਨਹੀਂ ਪਛਾਣਦਾ
ਭਰਮ ਹੈ ਇਸਨੂੰ ਇਹ ਹੈ
ਹਰ ਪਾਸੇ ਗੂੰਜਦਾ
ਉਂਵ ਹੈ ਅਧ-ਮੋਇਆ ਹੋਇਆ
ਮੰਜੇ ਪਿਆ ਹੂੰਗਦਾ
ਸਦਾ ਹੀ ਰੋਲਦਾ ਆਇਆ
ਦਿੱਲੀ ਦਰਬਾਰ ਹੈ
ਜੀ ਹਾਂ ! ਪੰਜਾਬ ਬੀਮਾਰ ਹੈ।

*

**ਕਿਤਾਬਾਂ ਤੇ ਉਹ**

ਕਿਤਾਬ ਕਮਰੇ ਦੀਆਂ ਸੈਲਫ਼ਾਂ
ਲਿਵਿੰਗ ਰੂਮ ਦਾ ਹਰ ਕੋਣਾ
ਕਾਰ ਵਿਚ
ਡਾਇਨਿੰਗ ਟੇਬਲ 'ਤੇ
ਦੇਖ ਸਕਦੇ ਹੋ ਕਿਤਾਬਾਂ
ਸੌਣ ਕਮਰੇ 'ਚ ਵੀ
ਸੌਂਦੀਆਂ ਹਨ
ਉਸ ਨਾਲ ਕਿਤਾਬਾਂ

ਕਵਿਤਾਵਾਂ, ਕਹਾਣੀਆਂ
ਨਵੀਆਂ-ਪੁਰਾਣੀਆਂ
ਜੀਵਨੀਆਂ, ਸਫ਼ਰਨਾਮੇ
ਅਨੁਵਾਦ ਤੇ ਆਲੋਚਨਾ
ਜਾਂ ਚਿੱਠੀਆਂ ਦੇ ਰੂਪ ਵਿਚ
ਸਾਂਭੀਆਂ ਹੋਈਆਂ ਯਾਦਾਂ
ਬਸ! ਕਿਤਾਬਾਂ ਹੀ ਕਿਤਾਬਾਂ

ਘੜੀ ਦੀ ਟਿਕ-ਟਿਕ ਨਾਲ
ਘੁੰਮਦੀਆਂ-ਫਿਰਦੀਆਂ
ਨਾ ਕਿਸੇ ਨੂੰ ਡਰਾਉਂਦੀਆਂ
ਨਾ ਡਰਦੀਆਂ
ਹਰ ਆਏ ਗਏ ਨੂੰ
ਖ਼ਾਮੋਸ਼ ਬੋਲੀ ਵਿਚ
'ਜੀ ਆਇਆਂ'
'ਅਲਵਿਦਾ'
ਕਹਿੰਦੀਆਂ
ਆਪਣੀ ਹੀ ਮਸਤੀ 'ਚ

ਕਦੇ ਚੁੱਪ-ਚੁੱਪ

ਕਦੇ ਹੱਸਦੀਆਂ ਰਹਿੰਦੀਆਂ

ਉਦਾਸੀ ਦੇ ਆਲਮ 'ਚ

ਉਹ ਤੇ ਕਿਤਾਬਾਂ

ਰਲ ਬਹਿੰਦੇ ਨੇ

ਪਲੋਸਦੇ-ਨਿਹਾਰਦੇ

ਬਿਨ ਬੋਲਿਆਂ

ਇਕ ਦੂਜੇ ਨੂੰ ਪੜ੍ਹਦੇ-ਪਿਆਰਦੇ

ਰਲ ਬਹਿੰਦੇ ਨੇ

ਤੇ ਦਿਲ ਦੀਆਂ ਕਹਿੰਦੇ ਨੇ...।

*

**ਸਿਆਲ**

ਲੋੜੋਂ ਵੱਧ
ਸਵੈਟਰ ਹਨ ਜੈਕਟਾਂ ਹਨ
ਘਰ ਦੀਆਂ ਕਲੌਜਿਟਾਂ
ਭੁੰਨੀਆਂ ਪਈਆਂ ਹਨ
ਤੂੜੀ ਵਾਲੇ ਕੁੱਪਾਂ ਵਾਂਗ
ਘਰ ਵਿਚ ਕਾਰ ਵਿਚ ਕੰਮ 'ਤੇ
ਲਗਾਤਾਰ ਹੀਟ ਚੱਲਦੀ ਹੈ
ਪਰ ਫਿਰ ਵੀ
ਕਿਉਂ ਠੰਢ ਲੱਗਦੀ ਹੈ...!

ਠੰਢ ਲੱਗਦੀ ਹੈ
ਜਦ ਮੈਂ ਸੋਚਦਾਂ ਉਨ੍ਹਾਂ ਬਾਰੇ
ਜਿਨ੍ਹਾਂ ਕੋਲ ਛੱਤ ਨਹੀਂ
ਜਿਹੜੇ ਸੜਕਾਂ 'ਤੇ ਸੌਂਦੇ ਨੇ
ਗੱਤਿਆਂ ਦੀ ਓਟ ਲੈ ਕੇ
ਸੌਣ ਦੀ ਕੋਸ਼ਿਸ਼ ਕਰਦੇ ਹਨ
ਬਹਾਨਾ ਕਰਦੇ ਹਨ
ਪਰ ਨੀਂਦ ਤੋਂ ਵਾਂਝੇ ਰਹਿੰਦੇ ਹਨ

ਮੌਸਮ ਬਦਲੇਗਾ
ਸ਼ਹਿਰ ਦੇ ਅਧਿਕਾਰੀ ਤੇ ਮੀਡੀਆ
ਸਰਗਰਮ ਹੋਵੇਗਾ
ਅੰਕੜੇ ਪੇਸ਼ ਕਰੇਗਾ
ਕਿੰਨੇ ਮਰੇ ਹਨ ਠੰਢ ਨਾਲ
ਕਿੰਨਾ ਮਾਰੂ ਰਿਹਾ
ਇਸ ਵੇਰ ਸਿਆਲ...!

*

**ਜੇ ਤੇਰੀ ਇਹੋ ਇੱਛਾ ਹੈ**

ਜੇ ਤੇਰੀ ਇਹੋ ਇੱਛਾ ਹੈ
ਤਾਂ ਮੈਂ ਰੋਕ ਲਵਾਂਗਾ
ਹਰ ਆਉਂਦੇ ਸਾਹ ਨੂੰ
ਕੱਟ ਲਵਾਂਗਾ
ਦਿਨਾਂ ਦੇ ਦਿਨ
ਉਨੀਂਦਰੇ ਦੀ ਹਾਲਤ ਵਿਚ
ਟੁੱਕ ਲਵਾਂਗਾ
ਆਪਣੀ ਜ਼ੁਬਾਨ
ਜੋ ਕੁਝ ਵੀ ਹੈ ਦਿਲ ਵਿਚ
ਕਦਾਚਿਤ ਵੀ
ਨਹੀਂ ਕਰਾਂਗਾ ਬਿਆਨ

ਨਕਲੀ ਮੁਸਕਰਾਹਟ
ਨਕਲੀ ਹਾਸਾ
ਨਾ ਚਾਹੁੰਦਿਆਂ ਹੋਇਆਂ ਵੀ
ਦਿਖਾਵੇ ਲਈ
ਨੱਚ ਸਕਦਾ ਹਾਂ
ਟੱਪ ਸਕਦਾ ਹਾਂ
ਹਰ ਚਾਹਤ ਨੂੰ
ਛੁਪਾਵਾਂਗਾ
ਕੁਝ ਵੀ ਨਹੀਂ ਦਿਖਾਵਾਂਗਾ
ਸਹਿ ਲਵਾਂਗਾ
ਸ਼ਬਦਾਂ ਦਾ ਭਾਰ
ਬਣਨ ਨਹੀਂ ਦਿਆਂਗਾ
ਵਾਕ-ਬਣਤਰ
ਕਾਗ਼ਜ਼ ਨੂੰ ਵੀ ਕਹਾਂਗਾ
ਕਲਮ ਨੂੰ ਵੀ

ਨਹੀਂ ਲਿਖਣਾ ਸ਼ਬਦ-ਚਿੱਤਰ

ਇਹ ਕੁਝ ਕਰਦਿਆਂ

ਸ਼ਾਇਦ

ਹੋ ਜਾਵਾਂ ਨੀਮ-ਪਾਗਲ

ਜਾਂ ਲਹੂ-ਲੁਹਾਣ

ਵਿਸਰ ਜਾਵਾਂ

ਚੇਤਿਆਂ ਦੀ ਚੰਗੇਰ

ਕਿਉਂਕਿ ਪੈਗ਼ੰਬਰ ਨਹੀਂ ਹਾਂ

ਮਨੁੱਖ ਹਾਂ

ਪਰ ਕਰਾਂਗਾ ਸਭ

ਸਹਾਂਗਾ ਸਭ

ਜੇ ਤੇਰੀ ਇਹੋ ਇੱਛਾ ਹੈ

*

**ਨਦੀ ਦੇ ਨਾਲ਼-ਨਾਲ**

ਘਰ ਤੋਂ ਐਨ ਨੇੜੇ
ਵਗ ਰਹੀ ਸਵਾਤਰਾ ਕਰੀਕ
ਸਿਆਲਾਂ 'ਚ ਪਾਣੀ
ਬਰਫ਼ੀਲਾ, ਠੰਢਾ ਯਖ਼
ਏਨਾ ਠੰਢਾ ਕਿ ਛੂਹਿਆਂ ਵੀ
ਸੁੰਨ ਹੋ ਜਾਏ ਹੱਥ

ਹੁਨਾਲਾਂ 'ਚ
ਸਾਫ਼-ਸੁਥਰਾ ਪਾਣੀ
ਕਲ-ਕਲ ਕਰਦਾ ਵਗੇ
ਹਲਕੀ-ਹਲਕੀ ਪਿਆਰੀ-ਪਿਆਰੀ
ਜਿਉਂ ਕੋਈ ਧੁਨ ਵਜੇ

ਨਿੱਕੀਆਂ-ਨਿੱਕੀਆਂ ਬੋਟਾਂ 'ਚ
ਤੈਰਦੇ ਨੇ ਲੋਕ
ਕਿਤੇ-ਕਿਤੇ ਕੰਢਿਆਂ 'ਤੇ ਬਣੇ
ਨਿੱਕੇ-ਨਿੱਕੇ ਪਿਕਨਿਕ ਸਪਾਟ 'ਤੇ
ਜਸ਼ਨ ਮਨਾਉਣ ਲੋਕ
ਗਰਮੀਆਂ ਦਾ ਲੁਤਫ਼ ਲੈਂਦੇ
ਹੱਸਣ ਹਸਾਉਣ ਲੋਕ

ਵਲ-ਵਲ਼ੇਵੇਂ ਖਾਂਦੀ
ਸੰਘਣੇ ਰੁੱਖਾਂ 'ਚੋਂ ਲੰਘਦੀ
ਲਗਾਤਾਰ ਵਘਦੀ ਰਵੇ
ਦੂਰ ਵਗਦੇ ਦਰਿਆ ਨੂੰ
ਮਿਲਣ ਖ਼ਾਤਿਰ
ਚਿੱਤ-ਚੇਤੇ ਵੀ ਨਹੀਂ

ਕਿ ਉਸਨੂੰ ਮਿਲ ਕੇ
ਗੁਆ ਲਵੇਗੀ
ਆਪਣਾ ਨਾਮ
ਆਪਣੀ ਹੋਂਦ
ਬਸ ਬਜ਼ਿੱਦ ਹੈ
ਵਗਣ ਲਈ
ਦਰਿਆ ਨੂੰ ਮਿਲ਼ਣ ਲਈ

ਨਦੀ ਦੇ ਨਾਲ਼-ਨਾਲ
ਇੰਨ-ਬਿੰਨ ਵਲ਼ੇਵੇਂ ਖਾਂਦੀ
ਜਾ ਰਹੀ ਹੈ ਟਰੇਲ
ਕਰ ਰਿਹਾ ਹਾਂ ਸੈਰ ਮੈਂ ਵੀ
ਕੋਈ ਸਾਈਕਲ ਸਵਾਰ
ਕੋਈ ਪੈਦਲ
ਅੱਧ-ਖੜ ਔਰਤ ਘੁੰਮ ਰਹੀ ਹੈ
ਆਪਣੇ ਕੁੱਤੇ ਨਾਲ਼
ਕੋਈ ਨੱਢੀ 'ਈਅਰ ਪਲੱਗ' ਲਾਈ
ਚਲ ਰਹੀ ਹੈ
ਹਿਰਨੀਆਂ ਦੀ ਚਾਲ

ਭਾਂਤ-ਭਾਂਤ ਦੇ ਹਰੇ-ਕਚੂਰ
ਰੁੱਖ ਨਿਹਾਰਦਾ ਹਾਂ
ਕਿਤੇ-ਕਿਤੇ ਕੋਈ ਬੁੱਢਾ ਰੁੱਖ
ਡਿੱਗਿਆ ਪਿਆ ਬੇਸਹਾਰਾ ਜਿਹਾ
ਜੰਗਲੀ ਵੇਲਾਂ 'ਚ ਲਿਪਟਿਆ
ਲੱਗੇ ਪਿਆਰਾ ਜਿਹਾ
ਨਦੀ ਵਗ ਰਹੀ ਹੈ
ਕਿ ਵਗਣਾ ਹੀ ਜ਼ਿੰਦਗੀ ਹੈ...।
*

**ਪਲਸਤੀਨੀ ਕੁੜੀ ਤੇ ਚੱਪਲ**

ਨੌਂ ਵਰ੍ਹਿਆਂ ਦੀ ਪਲਸਤੀਨੀ ਕੁੜੀ
ਬਜ਼ਾਰ ਜਾਣ ਲਈ
ਜਦ ਘਰੋਂ ਤੁਰਨ ਲੱਗੀ
ਤਾਂ ਸੱਤ ਵਰ੍ਹਿਆਂ ਦੀ ਛੋਟੀ ਭੈਣ ਨੇ
ਜ਼ਿੱਦ ਕੀਤੀ-
ਮੈਂ ਵੀ ਜਾਊਂ ਨਾਲ ਤੇਰੇ

ਨਾ ਨੀ ਨਾ ਨਿੱਕੀਏ
ਵੱਡੀ ਨੇ ਜ਼ੋਰ ਦੇ ਕੇ ਕਿਹਾ-
ਅੱਗ ਵਰ੍ਹਦੀ ਹੈ ਬਾਹਰ
ਮੈਂ ਹੁਣੇ ਗਈ ਤੇ ਹੁਣੇ ਆਈ
ਤੇਰੇ ਲਈ ਕੈਂਡੀ ਲਿਆਵਾਂਗੀ

ਕਾਹਲ ਕਾਹਲ ਵਿਚ ਉਸਨੇ ਖ਼ਰੀਦਿਆ
ਜੋ ਕੁਝ ਵੀ ਚਾਹੀਦਾ ਸੀ
ਦੁਕਾਨਦਾਰ ਨਾਲ ਮੁਸਕਾਹਟ ਵੰਡਦੀ
ਘਰ ਨੂੰ ਪਰਤਣ ਲੱਗੀ
ਅਚਾਨਕ ਸਾਇਰਨ ਵੱਜਿਆ
ਇਜ਼ਰਾਈਲ ਦਾ ਫੌਜੀ ਜਹਾਜ਼ ਸੀ
ਤੇ ਫਿਰ ਅੱਖ ਦੇ ਫੋਰ ਵਿਚ
ਧਮਾਕਾ...
ਜ਼ਿੰਦਗੀਆਂ ਲਾਸ਼ਾਂ 'ਚ
ਤੇ ਲਾਸ਼ਾਂ ਚੀਥੜਿਆਂ ਵਿਚ ਬਦਲ ਗਈਆਂ
ਇਹ ਕੋਈ ਪਹਿਲੀ ਵੇਰ ਨਹੀਂ ਸੀ ਹੋਇਆ
ਇਹ ਤਾਂ ਨਿੱਤ ਦਾ ਕਰਮ ਸੀ।
ਜਹਾਜ਼ ਪਰਤ ਗਿਆ
ਜਿੱਤ ਦੇ ਜਸ਼ਨ ਮਨਾਉਂਦਾ ਹੋਇਆ

ਲੋਕੀਂ ਫਿਰ ਨਿਕਲੇ ਘਰੋਂ ਤੋਂ ਬਾਹਰ
ਮੋਇਆਂ ਨੂੰ ਸਾਂਭਣ ਲਈ
ਜ਼ਿੰਦਗੀ ਨੂੰ ਜਿਊਂਦਾ ਰੱਖਣ ਲਈ

ਮਾਪਿਆਂ ਨੂੰ ਫ਼ਿਕਰ ਹੋਇਆ
ਕੁੜੀ ਘਰ ਨਹੀਂ ਪਰਤੀ
ਅੱਲਾ ਸਭ ਖ਼ੈਰ ਕਰੇ!
ਲੱਭਣ ਨਿਕਲੇ ਤਾਂ ਛੋਟੀ ਵੀ ਨਾਲ ਤੁਰੀ
ਪਰ ਲਾਸ਼ਾਂ ਦੇ ਚੀਥੜਿਆਂ 'ਚੋਂ
ਕਿਵੇਂ ਪਛਾਣ ਕਰਦੇ ਕੌਣ ਕਿਹੜਾ ਹੈ?

ਪਰਤ ਰਹੇ ਸੀ ਘਰ ਨੂੰ
ਤਾਂ ਛੋਟੀ ਦੀ ਨਿਗਾਹ ਕਿਸੇ ਚੀਜ਼ 'ਤੇ ਪਈ
ਦੌੜ ਕੇ ਉਸ ਨੇ ਚੁੱਕਿਆ
ਤੇ ਆਪਣੇ ਝੱਗੇ ਥੱਲੇ ਲੁਕੋ ਲਿਆ
ਬਾਪ ਨੇ ਪੁੱਛਿਆ-
ਤੂੰ ਕੀ ਲੁਕੋਇਆ ਹੈ?
ਕੁਝ ਵੀ ਤਾਂ ਨਹੀਂ
ਉਹ ਡੌਰ-ਭੌਰ ਹੋਈ ਆਖਦੀ ਹੈ
ਬਾਪ ਫਿਰ ਜ਼ੋਰ ਨਾਲ ਪੁੱਛਦਾ ਹੈ
ਤਾਂ ਛੋਟੀ ਕਹਿੰਦੀ ਹੈ-
ਇਹ ਮੇਰੀ ਦੀਦੀ ਦੀ ਚੱਪਲ ਹੈ

ਤੇ ਉਹ ਛੋਟੀ ਨੂੰ ਚੁੰਮਦੇ ਚੱਟਦੇ
ਭਰੀਆਂ ਅੱਖਾਂ ਨਾਲ
ਘਰ ਪਰਤ ਜਾਂਦੇ ਹਨ...।

*

**ਏਹ ਕੇਹਾ ਰਾਜਾ ਹੈ**

(ਟਰੰਪ ਦੇ ਨਾਂਅ)

ਏਹ ਕੇਹਾ ਰਾਜਾ ਹੈ
ਇਹ ਕੌਣ ਦੇਸ ਤੋਂ ਆਇਆ
ਇਹਦੀ ਰੂਹ ਵਿਚ ਨਾਜ਼ੀ ਹੈ
ਤੇ ਹਿਟਲਰ ਦਾ ਸਾਇਆ

ਅਰਬਾਂ ਦਾ ਮਾਲਕ ਹੈ
ਕਿਰਤੀ ਦਾ ਦੋਖੀ ਇਹ
ਰੱਜਿਆਂ ਦੀ ਰਾਹਤ ਲਈ
ਵਾਅਦੇ ਪਿਆ ਕਰਦਾ ਹੈ
ਟੈਕਸਾਂ ਦਾ ਚੋਰ ਮਹਾਂ
ਭਰਿਆਂ ਨੂੰ ਹੋਰ ਭਰੂ
ਮਾੜੇ ਨੂੰ ਮਾਰੇਗਾ।
ਮਾਰਨ ਦਾ ਗੁਰ ਇਸ ਨੇ ਹੈ
ਜਨਮਾਂ ਤੋਂ ਪਾਇਆ
ਏਹ ਕੇਹਾ ਰਾਜਾ...

ਗੁਆਂਢੀ ਨੂੰ ਦਬਕਦਾ ਹੈ
ਧੌਂਸ ਦਿਖਾਂਦਾ ਇਹ
ਹੱਦ ਉਪਰ ਕੰਧ ਬਣਾਊ
ਇਸਦਾ ਇਹ ਲਾਰਾ ਹੈ
ਖ਼ਰਚਾ ਵੀ ਗੁਆਂਢੀ ਦਾ
ਲੇਬਰ ਵੀ ਗੁਆਂਢੀ ਦੀ
ਆਪਣਾ ਖੂੰਖਾਰ ਪੰਜਾ ਹੈ
ਉਸ ਵੱਲ ਵਧਾਇਆ
ਏਹ ਕੇਹਾ ਰਾਜਾ...

ਇਹਦੀ ਬੋਲੀ 'ਚ ਤੁੰਮੇ ਨੇ
ਭਾਸ਼ਣ ਵਿਚ ਨਫ਼ਰਤ ਹੈ
ਘ੍ਰਿਣਾ ਤੇ ਨਸਲਵਾਦ
ਕੁੱਟ ਕੁੱਟ ਕੇ ਹੈ ਭਰਿਆ
ਨਸਲੀ ਗਰੁੱਪਾਂ ਨੂੰ
ਥਾਪੀ ਇਹ ਨਿੱਤ ਦੇਂਦਾ
ਤਾਂ ਹੀ ਤਾਂ ਉਹ ਬੜ੍ਹਕਣ
ਸ਼ਰੇਆਮ ਪਏ ਆਖਣ
ਇਹ ਮੁਲਕ ਹੈ ਗੋਰੇ ਦਾ
ਬਾਕੀ ਸਭ ਭੱਜ ਜਾਵੋ
ਜਿੱਥੋਂ ਵੀ ਆਏ ਹੋ।
ਨਾਹਰਾ ਵੀ ਜਿੱਤਣ ਲਈ
ਇਸ ਨੇ ਸੀ ਇਹ ਲਾਇਆ
ਏਹ ਕੇਹਾ ਰਾਜਾ...

ਪਰ ਸ਼ਾਇਦ ਭੁੱਲਦਾ ਹੈ
ਇਹ ਧਰਤੀ ਹੈ ਸੱਭਨਾਂ ਦੀ
ਗੋਰੇ ਦੀ ਕਾਲੇ ਦੀ
ਕਣਕਵੰਨੇ ਤੇ ਰੰਗ-ਬਰੰਗੇ ਦੀ
ਲੋਕਾਂ ਦਾ ਹਜੂਮ ਡੱਕੂ
ਇਸਦੇ ਤੂਫ਼ਾਨਾਂ ਨੂੰ
ਲੋਕਾਂ ਦੀ ਸੋਚ ਤੋੜੂ
ਇਸ ਦੇ ਅਰਮਾਨਾਂ ਨੂੰ
ਇਤਿਹਾਸ ਦੇ ਪੰਨਿਆਂ 'ਤੇ
ਮਾਰੇ ਜੇ ਝਾਤ ਕਦੇ
ਟਿਕਦੇ ਨਹੀਂ ਫ਼ਾਸ਼ੀ ਫਿਰ
ਲੋਕਾਂ ਦਾ ਏਕਾ ਜਦ
ਬਣ ਕੇ ਹੈ ਹੜ੍ਹ ਆਇਆ

ਏਹ ਕੇਹਾ ਰਾਜਾ...

*

**ਗੱਲਬਾਤ ਪਿੰਡ ਨਾਲ**

ਪਿੰਡ ਫੋਨ ਕਰਦਾ ਹਾਂ
ਪੁਰਾਣੇ ਬੇਲੀ 'ਡਿਪਟੀ' ਉਰਫ਼ ਗੁਰਦੇਵ ਰਾਮ ਨੂੰ
ਅਕਸਰ ਹੀ ਕਰਦਾ ਹਾਂ ਫੋਨ ਉਸਨੂੰ
ਝਟਪਟ ਸੁਣਾ ਦਿੰਦਾ ਹੈ ਗਲੀ-ਗੁਆਂਢ ਤੇ ਪਿੰਡ ਦੀ ਖ਼ਬਰ
ਫਸਲਾਂ ਦਾ, ਮੀਂਹ ਪਾਣੀ ਦਾ
ਕਿਸੇ ਸੋਗ ਜਾਂ ਖ਼ੁਸ਼ੀ ਦਾ
ਪੂਰਾ ਵੇਰਵਾ ਉਸ ਕੋਲ ਹੁੰਦਾ ਹੈ
ਕਿਸੇ ਹੰਢੇ ਹੋਏ ਪੱਤਰਕਾਰ ਵਾਂਗ

ਗੱਲ ਕਰਦਿਆਂ ਇੰਞ ਲੱਗਣ ਲਗਦੈ
ਜਿਵੇਂ ਘੁੰਮ ਰਿਹਾ ਹੋਵਾਂ
ਪਿੰਡ ਦੀਆਂ ਗਲੀਆਂ 'ਚ
-ਝਿਊਰਾਂ ਦੀ ਦੇਬੋ ਦਾ ਵੱਡਾ ਮੁੰਡਾ
ਚੱਲਦਾ ਬਣਿਆ।
-ਪਾਸ਼ੀ ਦੇ ਛੋਟੇ ਭਰਾ ਨੂੰ ਅਟੈਕ ਹੋ ਗਿਆ
ਸੱਤਸੰਗ ਤੋਂ ਆਇਆ ਸੀ
ਹਸਪਤਾਲ ਲਿਜਾਂਦਿਆਂ ਰਾਹ 'ਚ ਹੀ
ਸੁਆਸ ਛੱਡ ਗਿਆ
-ਰਿਆੜਾਂ ਦਾ ਨਿੰਦਰ ਆਇਆ ਸੀ
ਇੰਗਲੈਂਡ ਤੋਂ
ਘਰ ਮਿਲਣ ਆਇਆ
ਤੇਰੀਆਂ ਗੱਲਾਂ ਕਰਦੇ ਰਹੇ।
ਚੇਤੰਨ ਕਵੀ ਲਈ ਜ਼ਰੂਰੀ ਸਿਰਫ਼ ਲਿਖਣਾ
ਤਾਜ਼ੀਆਂ ਖ਼ਬਰਾਂ ਵਾਂਗ
ਉਹ ਸੁਣਾਉਂਦਾ ਚਲਿਆ ਜਾਂਦਾ ਹੈ।

ਉਹ ਗੱਲ ਕਰਦਾ ਹੈ ਰਾਜ-ਭਾਗ ਦੀ

ਅਖੇ ਕਿਹੜੀ 'ਰਾਜ ਨਹੀਂ ਸੇਵਾ'

ਚੋਰ ਨੇ ਸਾਰੇ

ਖ਼ਲਕਤ ਖਸਮਾਂ ਨੂੰ ਖਾਵੇ

ਆਪਣੇ ਖਜ਼ਾਨੇ ਭਰਦੇ ਨੇ

ਦਿੱਲੀ ਆਲਿਆਂ ਦਾ ਤਾਂ ਹੋਰ ਵੀ ਮਾੜਾ

ਚਾਹੁੰਦੇ ਨੇ ਸਭ ਨੂੰ ਭਗਵਾਂ ਕਰ ਦਈਏ

ਕੋਈ ਕੀ ਪਕਾਉਂਦਾ ਹੈ

ਕੀ ਖਾਂਦਾ ਹੈ

ਸਭ 'ਤੇ ਨਜ਼ਰ ਰੱਖਦੇ ਹਨ ਉਨ੍ਹਾਂ ਦੇ ਗੁੰਡੇ

ਲਿਖਣ ਦੀ, ਬੋਲਣ ਦੀ, ਪਹਿਨਣ ਦੀ

ਕੋਈ ਆਜ਼ਾਦੀ ਨਹੀਂ ਅੱਜਕੱਲ੍ਹ

ਪਾਠ-ਕਿਤਾਬਾਂ ਦੇ ਸਿਲੇਬਸ ਵੀ

ਚਾਹੁੰਦੇ ਨੇ ਉਨ੍ਹਾਂ ਦੀ ਮਰਜ਼ੀ ਮੁਤਾਬਕ ਹੋਣ

ਭਗਤ ਸਿੰਘ ਦੀ ਗੱਲ ਕਰਦੀਆਂ

ਕਿਤਾਬਾਂ ਨੂੰ ਸਾੜਨ

ਘੱਟ ਗਿਣਤੀਆਂ ਨੂੰ ਦਬਕਣ ਤੇ ਮਾਰਨ।

ਕਹਿੰਦਾ ਹੈ-

ਚੰਗਾ ਈ ਹੋਇਆ

ਤੁਸੀਂ ਭਲਿਆਂ ਵੇਲਿਆਂ 'ਚ ਚਲੇ ਗਏ

ਏਧਰ ਤਾਂ ਹਨ੍ਹੇਰਗਰਦੀ ਹੈ, ਗੁੰਡਾਗਰਦੀ ਹੈ

ਕਹਿੰਦਾ ਹਾਂ-

'ਸਭ ਹੱਛਾ' ਤਾਂ ਏਧਰ ਵੀ ਨਹੀਂ

ਕਿਧਰੇ ਵੀ ਨਹੀਂ ਸ਼ਾਇਦ

ਕੁਝ ਨਾ ਕੁਝ ਅਲਾਮਤਾਂ

ਹਰ ਥਾਂ ਈ ਹੁੰਦੀਆਂ ਨੇ

ਹੁਣ ਤਾਂ ਸ਼ਾਸਕ ਵੀ

ਦਿੱਲੀ ਵਾਲੇ ਦਾ ਗੁਰਭਾਈ ਬਣ ਗਿਆ ਹੈ

ਪਰ ਲੋਕ ਜਾਗਦੇ ਹਨ, ਚੇਤੰਨ ਹਨ
ਹਨ੍ਹੇਰ ਜੇ ਪਾਇਆ ਤਾਂ ਲੜਨਗੇ ਵੀ
ਲੁੱਟ ਜੇ ਮਚਾਈ ਤਾਂ ਬੰਦ ਕਰਨਗੇ ਵੀ

ਕਹਿੰਦਾ ਹੈ-
ਸਹੀ ਕਿਹਾ ਤੂੰ
ਲੜਨ ਤੋਂ ਬਗ਼ੈਰ ਕੁਝ ਵੀ ਨਹੀਂ ਬਣਨਾ
ਕੁਝ ਵੀ ਨਹੀਂ ਸੁਧਰਨਾ।
ਚੰਗਾ ਫੇਰ ਗੱਲ ਕਰਾਂਗੇ...।

*

**ਨਿਊਯਾਰਕ**

ਖਿੱਚ ਪਾਉਂਦਾ ਹੈ ਨਿਊਯਾਰਕ
ਕਿਸੇ ਨੂੰ ਟਾਈਮਜ਼ ਸੁਕੇਅਰ ਕਰਕੇ
ਕਿਸੇ ਨੂੰ ਵਰਲਡ ਟਰੇਡ ਸੈਂਟਰ
ਸੈਂਟਰਲ ਪਾਰਕ ਤੇ ਬਰੌਡ ਵੇਅ
ਸਟੈਚੂ ਆਫ਼ ਲਿਬਰਟੀ
ਮੀਲਾਂ ਲੰਮੇ ਟਾਪੂ ਨੂੰ ਜੋੜਦੇ
ਪੁਲ ਤੇ ਸੁਰੰਗਾਂ ਕਰਕੇ
ਸਸਤੇ ਤੋਂ ਸਸਤਾ
ਤੇ ਮਹਿੰਗੇ ਤੋਂ ਮਹਿੰਗਾ ਸਾਜ਼ੋ-ਸਾਮਾਨ
ਵੱਖ-ਵੱਖ ਮੁਲਕਾਂ ਦੇ ਖਾਣੇ
ਨਾਈਟ-ਕਲੱਬਾਂ ਕਰਕੇ

ਕਦੇ ਵੀ ਸੌਂਦਾ ਨਹੀਂ ਮੈਨਹਾਟਨ
ਖਿੱਚ ਪਾਉਂਦੇ ਨੇ
ਅਖ਼ਬਾਰਾਂ, ਟੀ. ਵੀ., ਵਾਲ ਸਟਰੀਟ

ਪਰ ਮੈਨੂੰ
ਖਿੱਚ ਪਾਉਂਦਾ ਨਿਊਯਾਰਕ
ਦਲਜੀਤ ਮੋਖਾ ਤੇ ਸੁਰਿੰਦਰ ਸੋਹਲ ਕਰਕੇ

*

**ਚਾਹੁੰਦਾ ਹਾਂ ਤੈਨੂੰ**

ਚਾਹੁੰਦਾ ਹਾਂ ਤੈਨੂੰ
ਕਾਲਖ ਦੀ ਹਿੱਕ ਚੀਰਦੀ
ਦੀਵੇ ਦੀ ਲਾਟ ਵਾਂਗੂੰ

ਪਾਣੀ ਦੀ ਇਕ ਬੂੰਦ ਨੂੰ
ਮੁੱਦਤ ਤੋਂ
ਤਰਸਦੇ ਸਹਿਰਾਅ ਵਾਂਗੂੰ

ਮਨ-ਪਸੰਦ ਖਿਡਾਉਣਾ ਵੇਖ ਕੇ
ਬੱਚੇ ਦੇ ਚਿਹਰੇ 'ਤੇ ਆਈ
ਮਾਸੂਮ ਮੁਸਕਾਨ ਵਾਂਗੂ

ਮਨ-ਮਸਤਕ ਵਿਚ
ਖਲਬਲੀ ਪਾਉਂਦੀ
ਕਿਸੇ ਪਿਆਰੀ ਨਜ਼ਮ ਵਾਂਗੂੰ

ਅਸਮਾਨ ਵਿਚ ਉੱਡਦੇ
ਪੰਛੀਆਂ ਦੀ
ਬੇਰੋਕ ਪਰਵਾਜ਼ ਵਾਂਗੂ

ਹਰ ਇਕ ਨੂੰ
ਆਪਣੀ ਹਿੱਕ ਨਾਲ ਲਾਉਂਦੀ
ਧਰਤ ਵਾਂਗੂੰ

ਚਾਹੁੰਦਾ ਹਾਂ ਬਸ
ਸਿਰਫ਼ ਤੈਨੂੰ ਤੇਰੇ ਵਾਂਗੂੰ

*

## ਸਾਮਰਾਜ

ਹਾਂ!

ਮੈਂ ਤੈਨੂੰ ਹੀ ਮੁਖ਼ਾਤਿਬ ਹਾਂ ਸਾਮਰਾਜ

ਤੂੰ ਉਹ ਦੈਂਤ ਏਂ

ਜੋ ਬੰਦੇ ਨੂੰ

ਸਬੂਤਾ ਨਿਗਲ ਜਾਂਦਾ ਹੈ

ਜੋ ਧਰਤੀ ਦੇ

ਹਰ ਟੁਕੜੇ ਉੱਪਰ

ਕਬਜ਼ਾ ਕਰਨਾ ਚਾਹੁੰਦਾ ਹੈ

ਖੂੰਖ਼ਾਰ ਬੰਬ ਬਣਾ ਕੇ

ਬੇਗਾਨੇ ਮੁਲਕਾਂ ਦੀ

ਧਰਤੀ 'ਤੇ ਤਜਰਬੇ ਕਰਦਾ ਹੈ

ਤੂੰ ਉਹ ਕੈਮੀਕਲ ਗੈਸ ਏਂ

ਜੋ ਸੁੱਤੀਆਂ ਅੱਖਾਂ ਨੂੰ

ਮੁੜ ਖੁੱਲ੍ਹਣ ਦੀ

ਇਜਾਜ਼ਤ ਨਹੀਂ ਦਿੰਦੀ

ਨਿੱਕੇ ਮੁਲਕਾਂ ਦੇ

ਸੁਪਨਿਆਂ ਦੀ ਅੱਖ ਵਿਚ

ਜ਼ਹਿਰ ਛਿੜਕਦਾ ਏਂ

ਅਮਨ ਦੇ ਨਾਂਅ 'ਤੇ

ਖ਼ਰਬਾਂ ਡਾਲਰ

ਜੰਗ ਵਿਚ ਝੋਕ ਸਕਦਾ ਏਂ

ਬੇਲੋੜੀਆਂ ਜੰਗਾਂ ਵਿਚ

ਸਬੂਤੇ ਬੰਦਿਆਂ ਨੂੰ ਧੱਕ ਕੇ

ਲੰਗੜੇ-ਲੂਲੇ ਬਣਾ ਸਕਦਾ ਏਂ

ਪਤਾ ਹੈ ਤੈਨੂੰ!
ਤੇਰੇ ਆਪਣੇ ਮੁਲਕ ਵਿਚ
ਲੱਖਾਂ ਲੋਕਾਂ ਦੇ
ਸਿਰ 'ਤੇ ਛੱਤ ਨਹੀਂ !

ਬੇਰੁਜ਼ਗਾਰੀ
ਛਾਲਾਂ ਮਾਰ-ਮਾਰ ਕੇ
ਵਧ ਰਹੀ ਹੈ

ਲੱਖਾਂ ਹੀ ਲੋਕ
ਅਜੇ ਵੀ
ਹੈਲਥ-ਇੰਸ਼ੋਰੈਂਸ ਤੋਂ
ਸਖਣੇ ਹਨ!

ਸਾਮਰਾਜ!
ਤੂੰ
ਮਨੁੱਖਤਾ ਦੇ ਮੱਥੇ 'ਤੇ
ਲੱਗਿਆ ਕਲੰਕ ਹੈਂ...।

*

**ਨਜ਼ਮ**

ਸੌਂ ਰਿਹਾ ਸੀ ਘੂਕ

ਦਰਵਾਜ਼ੇ 'ਤੇ

ਹਲਕੀ ਜਿਹੀ ਠੱਕ-ਠੱਕ ਹੋਈ

ਉੱਠਿਆ, ਦੇਖਿਆ

ਕੋਈ ਨਹੀਂ ਸੀ

ਰਾਤ

ਅੱਧਿਓਂ ਵੀ ਟੱਪ ਚੁੱਕੀ ਸੀ

ਪਲਸੇਟੇ ਮਾਰਦਾ

ਫਿਰ ਸੌਂ ਗਿਆ

ਅੱਖਾਂ ਮਲਦਾ ਸਵੇਰੇ ਉੱਠਿਆ

ਤਾਂ ਦੰਗ ਰਹਿ ਗਿਆ

ਦਰਵਾਜ਼ੇ 'ਤੇ

ਨਜ਼ਮ ਖੜ੍ਹੀ ਸੀ...।

*

**ਚਾਹਤ**

ਕੁਝ ਵੀ ਕਰ ਸਕਦੇ ਹੋ
ਜੇ ਕਰਨਾ ਚਾਹੋ ਤਾਂ
ਧਰਤੀ ਨੂੰ ਨਤਮਸਤਕ ਹੋ ਕੇ
ਅੰਬਰਾਂ ਨੂੰ ਛੂਹ ਸਕਦੇ ਹੋ

ਨ੍ਹੇਰੀਆਂ ਰਾਤਾਂ 'ਚ
ਚਾਨਣ ਦੀ ਲੀਕ ਬਣ
ਕਾਲਖ ਚੀਰ ਸਕਦੇ ਹੋ

ਰੁੱਸਿਆਂ ਨੂੰ
ਦੋਸਤੀ ਦੀ ਲਾਟ ਬਣ
ਜਗਮਗਾ ਸਕਦੇ ਹੋ

ਜਾਣੇ-ਅਣਜਾਣੇ
ਰਾਹਾਂ 'ਤੇ ਤੁਰਦਿਆਂ
ਮੰਜ਼ਿਲ ਪਾ ਸਕਦੇ ਹੋ

ਕੁਝ ਵੀ ਕਰ ਸਕਦੇ ਹੋ
ਪਰ
ਕਰਨ ਦੀ ਚਾਹਤ ਜ਼ਰੂਰੀ ਹੈ

*

**ਕਿੱਥੇ ਗਏ ਨੇ ਉਹ ਰਾਹ?**

ਕਿੱਥੇ ਗਏ ਨੇ ਉਹ ਰਾਹ?
ਜਿਨ੍ਹਾਂ 'ਤੇ ਕਦੇ ਤੁਰਿਆ ਸੀ
ਸਿਆਲਾਂ ਵਿਚ
ਹੁਨਾਲਾਂ ਵਿਚ

ਦਿਨਾਂ ਤੇ ਰਾਤਾਂ ਵਿਚ
ਬਸ ਤੁਰਦੇ ਜਾਣਾ ਹੀ
ਸਿੱਖਿਆ ਸੀ ਪੈਰਾਂ ਨੇ

ਪੈਂਡਾ ਕਿੰਨਾ ਹੈ?
ਮੰਜ਼ਿਲ ਕਿੱਥੇ ਹੈ?
ਪਹੁੰਚ ਸਕਾਂਗੇ
ਜਾਂ ਨਹੀਂ?
ਕਦੇ ਸੋਚਿਆ ਵੀ ਨਹੀਂ ਸੀ
ਬਸ
ਜਾਣੇ-ਅਣਜਾਣੇ ਰਾਹਾਂ 'ਤੇ
ਪੁਲਾਂਘਾਂ ਭਰਦੇ
ਤੁਰੀ ਜਾਂਦੇ ਸਾਂ

ਕਿੱਥੇ ਗਏ ਨੇ ਉਹ ਰਾਹ?

*

**ਸੁਪਨਾ**

ਕਦੇ ਸੁਪਨਾ ਲਿਆ ਸੀ
ਕਿ ਹਰ ਚਿਹਰੇ 'ਤੇ
ਫੁੱਲ ਖਿੜਾਵਾਂਗੇ
ਮਰਦਾਂ-ਔਰਤਾਂ
ਬੱਚਿਆਂ-ਬੁੱਢਿਆਂ ਦੇ
ਚਿਹਰਿਆਂ 'ਤੇ
ਮੁਸਕਾਨ ਲਿਆਵਾਂਗੇ

ਧਰਤੀ ਦੇ ਹਰ ਟੁਕੜੇ 'ਤੇ
ਹੱਕਦਾਰਾਂ ਨੂੰ
ਹੱਕ ਦੁਆਵਾਂਗੇ

ਪਰ ਸਾਡੀਆਂ ਦੁਸ਼ਵਾਰੀਆਂ
ਤੇ ਉਨ੍ਹਾਂ ਦੀਆਂ ਜ਼ੋਰਦਾਰੀਆਂ
ਹਮੇਸ਼ਾ
ਅੜਿੱਕਾ ਬਣਦੀਆਂ ਰਹੀਆਂ
ਅਸੀਂ ਇਕ ਤੋਂ ਦੋ
ਦੋ ਤੋਂ ਚਾਰ
ਤੇ ਫਿਰ ਪਤਾ ਨਹੀਂ
ਕਿੰਨਿਆਂ 'ਚ ਵੰਡੇ ਗਏ
ਇੰਞ ਅਸੀਂ
ਜਿੱਤਦੇ-ਜਿੱਤਦੇ ਵੀ
ਦਹਾਕਿਆਂ ਬਾਅਦ
ਓਥੇ ਦੇ ਓਥੇ ਖੜ੍ਹੇ ਹਾਂ...।

*

**ਨੱਚਦੀ ਨਜ਼ਮ**

ਰੰਗੀਲੀ ਸ਼ਾਮ ਦੇ
ਜਸ਼ਨ ਮਨਾਉਂਦੇ
ਉਹ ਨੱਚ ਰਹੇ ਸਨ
ਟੱਪ ਰਹੇ ਸਨ
ਥਿੜਕਦੇ ਪੈਰਾਂ ਨਾਲ
ਖ਼ੁਦ ਵੀ ਥਿੜਕ ਰਹੇ ਸਨ
ਕੰਨ ਪਾੜਵਾਂ ਸੰਗੀਤ
ਉਹਨਾਂ ਨੂੰ
ਹੋਰ ਵੀ ਮਸਤਾਅ ਰਿਹਾ ਸੀ

ਮੈਨੂੰ ਨਾ ਤਾਂ ਨੱਚਣਾ ਆਵੇ
ਤੇ ਨਾ ਹੀ ਟੱਪਣਾ
ਸ਼ੋਰ-ਸ਼ਰਾਬਾ ਮੇਰੇ ਮੱਥੇ ਵਿਚ
ਹਥੌੜੇ ਵਾਂਗ ਵੱਜ ਰਿਹਾ ਸੀ

ਚੁੱਪ-ਚੁਪੀਤਾ
ਮੈਂ ਇਕਾਂਤ ਵਿਚ ਜਾ ਬੈਠਾ
ਨੀਲੇ ਆਕਾਸ਼ ਵਿਚ
ਟਿਮ-ਟਿਮਾਉਂਦੇ ਤਾਰੇ
ਤਾਰਿਆਂ ਦੀ ਛਾਵੇਂ
ਇਕ ਨਜ਼ਮ ਨੇ ਜਨਮ ਲਿਆ
ਨਵ-ਜਨਮੀ ਨਜ਼ਮ
ਹੁਣ ਨੱਚ ਰਹੀ ਸੀ
ਮਧੁਰ ਸੰਗੀਤ ਵਿਚ ਟੱਪ ਰਹੀ ਸੀ

*

**ਸਿਰਜਕ**

ਪਤਾ ਨਹੀਂ ਕਿਵੇਂ
ਉਹ ਸਿਰਜ ਲੈਂਦਾ ਹੈ
ਸਰਲ, ਸੁਹਜ
ਤੇ ਸੁਨੇਹੇ ਭਰੀਆਂ
ਨਿੱਕੀ-ਨਿੱਕੀ ਗੱਲ ਨੂੰ
ਉਹ ਕਵਿਤਾ ਵਿਚ ਢਾਲ ਦਿੰਦਾ ਹੈ
ਪੜ੍ਹੀਆਂ ਹਨ ਉਸਦੀਆਂ
ਕਿੰਨੀਆਂ ਹੀ ਕਵਿਤਾਵਾਂ
ਤੇ ਬੜੀ ਵੇਰ
ਸੁਣਾਈਆਂ ਹਨ ਉਸ ਨੂੰ ਪੜ੍ਹ ਕੇ
ਅੱਗਿਓਂ ਕਹੇਗਾ
ਏਨੀਆਂ ਵਧੀਆ ਤਾਂ
ਮੈਂ ਵੀ ਨਹੀਂ ਪੜ੍ਹ ਸਕਦਾ
ਆਪਣੀਆਂ ਕਵਿਤਾਵਾਂ

ਪਤਾ ਹੈ ਮੈਨੂੰ
ਇਹ ਉਸਦੀ ਨਿਮਰਤਾ ਹੀ ਏ
ਉਂਞ ਜਦੋਂ ਉਹ ਪੜ੍ਹਦਾ ਹੈ
ਜਾਂ ਗੱਲ ਕਰਦਾ ਹੈ
ਤਾਂ ਬੋਲਾਂ 'ਚ ਮਿਸ਼ਰੀ ਘੁਲੀ ਹੁੰਦੀ ਹੈ
ਤੇ ਸਰੋਤੇ
ਮੰਤਰ ਮੁਗਧ ਹੋ ਜਾਂਦੇ ਹਨ
ਪਤਾ ਨਹੀਂ ਕਿੱਥੋਂ
ਸਿੱਖਿਆ ਹੈ ਉਸ ਨੇ
ਇਹ ਗੁਰ
ਸ਼ਾਲਾ! ਉਹ ਇੰਞ ਹੀ ਸਿਰਜਦਾ ਰਹੇ
*

**ਡੀ**

ਬਾਈ ਵਰ੍ਹਿਆਂ ਦੀ
ਇਹ ਸੁਣੱਖੀ ਜਿਹੀ
ਚੁਲਬੁਲੀ ਤੇ ਨਟ-ਖਟ ਕੁੜੀ
ਖ਼ੁਦ ਹੱਸਦੀ ਹੈ
ਤੇ ਦੂਜਿਆਂ ਨੂੰ ਹਸਾਉਂਦੀ ਹੈ
ਜਦ ਰੋਂਦੀ ਹੈ
ਤਾਂ ਹੋਰਾਂ ਨੂੰ ਵੀ ਰੁਆਉਂਦੀ ਹੈ

ਕੋਈ ਪੁੱਛਦਾ ਹੈ:
ਕੀ ਨਾਮ ਹੈ ਤੇਰਾ?

ਤਾਂ ਕਹਿੰਦੀ ਹੈ:
ਡੀ

ਉਂਵ ਪੂਰਾ ਨਾਮ
'ਡੇਰਾ' ਹੈ ਉਸਦਾ

ਮਾਂ-ਪਿਉ ਪੱਕੇ
ਨਸ਼ਿਆਂ ਦੇ ਆਦੀ ਹਨ
ਯਾਰ ਦੋਸਤ ਵੀ
ਪੰਦਰਾਂ ਵਰ੍ਹਿਆਂ ਦੀ ਸੀ
ਕੋਈ ਵੀ ਨਸ਼ਾ ਨਹੀਂ ਹੋਣਾ
ਜੋ ਉਸਨੇ ਚੱਖਿਆ ਨਾ ਹੋਏ
ਬੱਸ ਫਿਰ ਚੱਲ ਸੋ ਚੱਲ

ਕਹਿੰਦੀ ਹੈ:
ਹੁਣ ਮੈਂ ਅੱਕ ਚੁੱਕੀ ਹਾਂ
ਨਸ਼ਿਆਂ ਨੇ

ਮੈਨੂੰ ਰੋਲ ਦਿੱਤਾ ਹੈ
ਤੇ ਮੈਂ ਥੱਕ ਚੁੱਕੀ ਹਾਂ।

ਇਕ ਬੱਚਾ ਹੈ ਉਸਦਾ
ਯਾਦ ਕਰਦੀ ਹੈ ਉਸਨੂੰ
ਤਾਂ ਧਾਹਾਂ ਮਾਰ ਰੋਂਦੀ ਹੈ
ਹੰਝੂ ਅੱਖਾਂ 'ਚੋ ਟਪਕ ਕੇ
ਗੱਲ੍ਹਾਂ ਤੱਕ ਪਹੁੰਚ ਜਾਂਦੇ ਹਨ
ਐਨਕ ਉਤਾਂਹ ਕਰ ਕੇ
ਹੰਝੂ ਸਾਫ਼ ਕਰਦੀ ਹੈ
ਤੇ ਫਿਰ
ਸਹਿਜ ਹੁੰਦੀ ਹੈ

ਮਨ ਹੌਲਾ ਹੁੰਦਾ ਹੈ
ਤਾਂ ਉਹ ਫਿਰ ਹੱਸਦੀ ਹੈ
ਤੇ ਹੋਰਾਂ ਨੂੰ ਵੀ ਹਸਾਉਂਦੀ ਹੈ
'ਡੇਰਾ' ਜੋ ਆਪਣੇ-ਆਪ ਨੂੰ
'ਡੀ' ਕਹਾਉਂਦੀ ਹੈ

*

**ਹਵਾ ਤੇ ਚਿੜੀ**

ਉੱਡਦੀ ਚਿੜੀ ਨੂੰ
ਹਵਾ ਨੇ ਪੁੱਛਿਆ:
ਕਿੰਨਾ ਕੁ ਚਿਰ ਹੋਰ ਉੱਡੇਂਗੀ?

ਜਿੰਨੀ ਦੇਰ
ਪਰ ਹਨ ਕੋਲ ਮੇਰੇ
ਚਿੜੀ ਨੇ ਕਿਹਾ

ਤੂਫ਼ਾਨ ਆਉਣ ਵਾਲਾ
ਜਾਹ ਧਰਤ 'ਤੇ ਚਲੀ ਜਾਹ
ਉਡਾਅ ਕੇ ਲੈ ਜਾਊ ਤੈਨੂੰ

ਤੂਫ਼ਾਨ ਨੇ ਕਿਹੜਾ
ਪਹਿਲੀ ਵੇਰ ਆਉਣਾ
ਇੰਞ ਤਾਂ ਅਸੀਂ
ਉੱਡਣਾ ਹੀ ਛੱਡ ਦੇਈਏ

ਜਾਹ ਉੱਡਦੀ ਫਿਰ
ਪਛਤਾਏਂਗੀ
ਮੁੜ ਉੱਡਣ ਲਈ ਕੁਰਲਾਏਂਗੀ

ਜਾਵਾਂਗੀ ਜ਼ਰੂਰ ਧਰਤ 'ਤੇ
ਪਰ ਆਪਣੇ ਬੋਟਾਂ ਲਈ
ਚੋਗ ਲੈ ਕੇ ਹੀ ਪਰਤਾਂਗੀ
ਉਹਨਾਂ ਨੂੰ ਚੋਗ ਖੁਆ ਕੇ
ਆਪਣੇ ਪਰਾਂ ਹੇਠ ਸੁਆਵਾਂਗੀ
ਤੇ ਫਿਰ ਉੱਡਣ ਲਈ ਜਾਵਾਂਗੀ
ਤੂਫ਼ਾਨਾਂ ਤੋਂ ਡਰ ਕੇ

ਮੈਂ ਬਹਿ ਨਹੀਂ ਸਕਦੀ

ਮੇਰੀ ਪਿਆਰੀਏ ਹਵਾਏ

ਇਸ ਤੋਂ ਵੱਧ

ਮੈਂ ਤੈਨੂੰ ਕੁਝ ਕਹਿ ਨਹੀਂ ਸਕਦੀ।

*

**ਮਖੌਟਾਧਾਰੀ**

ਉਹ ਮਾਹਿਰ ਹਨ
ਆਪਣੀਆਂ
ਮਾਨਵਤਾ ਵਿਰੋਧੀ ਚਾਲਾਂ ਲਈ
ਕਦੇ ਧਰਮ
ਤੇ ਕਦੇ ਕੌਮ ਦੇ ਨਾਂ 'ਤੇ
ਦੰਗੇ ਕਰਾਉਂਦੇ ਹਨ
ਫਿਰ ਆਪਣੀਆਂ
ਆਲੀਸ਼ਾਨ ਕੋਠੀਆਂ 'ਚ ਬਹਿ ਕੇ
ਜਸ਼ਨ ਮਨਾਉਂਦੇ ਹੋ

ਉਹ ਮਖੌਟੇ ਪਹਿਨ ਕੇ
ਲੋਕਾਂ 'ਚ ਵਿਚਰਦੇ
ਕਦੇ ਦਾਨੀ, ਕਦੇ ਸਮਾਜ ਸੇਵਕ
ਖਬਰੇ ਕੀ ਕੀ
ਢੰਗ ਵਰਤਦੇ
ਭੋਲ਼ੇ ਲੋਕਾਂ ਦੀ
ਚਾਲਾਂ 'ਚ ਫਸਣ ਦੀ
ਚਾਲ 'ਤੇ ਹਸਦੇ
ਤੇ ਆਪਣੇ ਗੁਰੂ ਘੰਟਾਲਾਂ ਨੂੰ
ਆਪਣੀ ਪ੍ਰਾਪਤੀ ਦੱਸਦੇ

ਕਦੇ ਧਰਮ ਨੂੰ ਖ਼ਤਰਾ
ਕਦੇ ਕੌਮ ਨੂੰ ਖ਼ਤਰਾ
ਕਦੇ ਸਰਹੱਦ 'ਤੇ ਖ਼ਤਰਾ
ਬਸ ਖ਼ਤਰਿਆਂ ਦੀ ਹੀ
ਖ਼ਤਰਨਾਕ ਖੇਡ ਖੇਡਦੇ
ਇੰਞ ਆਪਣਾ ਕਾਰੋਬਾਰ

ਹੋਰ ਪਕੇਰਾ ਤੇ ਵਡੇਰਾ ਕਰਦੇ ਹਨ

ਕਿਤੇ ਲੋਕੀਂ ਜਾਗ ਨਾ ਉੱਠਣ

ਚਾਲਾਂ ਸਮਝ ਨਾ ਜਾਵਣ

ਕਦੇ ਕਦੇ ਬੱਸ

ਥੋੜ੍ਹਾ ਜਿਹਾ ਡਰਦੇ ਹਨ

ਭੋਲੇ ਲੋਕੀਂ ਨਹੀਂ ਜਾਣਦੇ

ਕਿ ਸੁਪਨੇ ਹੀ

ਉਹਨਾਂ ਦੀ ਜਾਇਦਾਦ ਹੁੰਦੇ ਨੇ

ਸੁਪਨਿਆਂ ਦੇ ਸਦਕੇ ਹੀ

ਉਹ ਆਬਾਦ ਹੁੰਦੇ ਨੇ

ਸਾਡੇ ਸੁਪਨਿਆਂ ਦਾ ਈ

ਉਹ ਚਾਹੁੰਦੇ ਹਨ ਕਤਲ ਕਰਨਾ

ਪਰ ਅਸੀਂ ਆਪਣੇ ਸੁਪਨੇ ਬਚਾਵਾਂਗੇ

ਤੇ ਆਪਣੀ ਏਕਤਾ ਦੇ ਨਾਲ

ਮਖੌਟਾਧਾਰੀ ਭਜਾਵਾਂਗੇ

*

**ਸਤਰੰਗੀ ਪੀਂਘ**

ਅੱਧ ਅਪ੍ਰੈਲ ਬੀਤ ਚੁੱਕਾ ਹੈ।
ਪਰ ਠੰਢ ਹੈ ਕਿ
ਜਾਣ ਦਾ ਨਾਂਅ ਨਹੀਂ ਲੈਂਦੀ
ਸੁਬਾਹ ਸਵੇਰੇ
ਮਾਪੇ ਆਪਣੇ ਬੱਚਿਆਂ ਨੂੰ
ਸਕੂਲ ਭੇਜਣ ਲਈ
ਸਕੂਲ ਬੱਸ ਦੀ ਉਡੀਕ ਕਰ ਰਹੇ ਹਨ
ਸੁੱਤ-ਉਨੀਂਦੇ ਬੱਚੇ
ਉਬਾਸੀਆਂ ਲੈ ਰਹੇ ਹਨ
ਕੁਝ ਸ਼ਰਾਰਤੀ ਬੱਚੇ
ਏਧਰ-ਓਧਰ ਟਪੂਸੀਆਂ ਮਾਰ ਰਹੇ ਹਨ
ਤੇ ਹਰ ਲੰਘਦੇ-ਵੜਦੇ ਨੂੰ
'ਹੈਲੋ' 'ਹਾਏ' ਆਖਦੇ ਹਨ

ਸ਼ਾਮ ਢਲ ਰਹੀ ਹੈ
ਹਲਕੀ ਜਿਹੀ ਬਾਰਿਸ਼ ਤੋਂ ਬਾਅਦ
ਧੁੱਪ ਚਮਕੀ ਹੈ
ਤੇ ਅਸਮਾਨ ਉੱਪਰ
ਸਤਰੰਗੀ ਪੀਂਘ ਚਮਕਦੀ ਹੈ
ਰੰਗ-ਬਿਰੰਗੇ ਕੋਟਾਂ-ਸਵੈਟਰਾਂ 'ਚ ਲਿਪਟੇ
ਲੋਕ ਆਪਣੇ ਫੋਨਾਂ ਰਾਹੀਂ
ਸਤਰੰਗੀ ਪੀਂਘ ਦੀਆਂ
ਤਸਵੀਰਾਂ ਲੈ ਰਹੇ ਹਨ
'ਕਿੰਨਾ ਖੂਬਸੂਰਤ ਨਜ਼ਾਰਾ ਹੈ'
ਇਕ ਦੂਜੇ ਨੂੰ ਕਹਿ ਰਹੇ ਹਨ

ਅਪ੍ਰੈਲ ਮਹੀਨਾ ਅਮਰੀਕਾ ਵਿਚ

ਮਨਾਇਆ ਜਾਂਦਾ ਹੈ
ਕਵਿਤਾ ਦੇ ਮਹੀਨੇ ਕਰਕੇ
ਕਵੀ ਲੋਕ ਪੜ੍ਹਦੇ ਹਨ
ਸਤਰੰਗੀ ਪੀਂਘ ਜਿਹੀਆਂ ਕਵਿਤਾਵਾਂ

ਮੇਰਾ ਵੀ ਦਿਲ ਕਰਦਾ ਹੈ
ਲਿਖਾਂ ਕੋਈ ਕਵਿਤਾ
ਤੇ ਕਵਿਤਾ ਦਾ ਮਹੀਨਾ ਮਨਾਵਾਂ
ਤੇ ਸਤਰੰਗੀ ਪੀਂਘ ਦੇ ਰੰਗ
ਹਰ ਚਿਹਰੇ 'ਤੇ ਬਖੇਰ ਦੇਵਾਂ
ਤੇ ਹਰ ਚਿਹਰੇ ਨੂੰ
ਖਿੜੇ ਹੋਏ ਫੁੱਲਾਂ ਵਾਂਗ ਸਜਾਵਾਂ

*

**ਬਦਲਦੀ ਰੁੱਤ**

ਰੁੱਤ ਬਦਲ ਗਈ ਹੈ
ਪੱਤਝੜ ਦੀ ਮਾਰ ਨਾਲ
ਰੁੰਡ-ਮਰੁੰਡ ਹੋਏ ਰੁੱਖ
ਨਵੇਂ ਹਰੇ ਕਚੂਰ
ਪੱਤਿਆਂ ਨਾਲ ਸਜ ਰਹੇ ਨੇ
ਪੰਛੀ ਰੁੱਝ ਗਏ ਹਨ
ਰੁੱਖਾਂ 'ਤੇ ਆਲ੍ਹਣੇ ਬਣਾਉਣ ਵਿਚ
ਬੜੀ ਛੇਤੀ ਹੀ
ਨਵ-ਜੰਮੇ ਬੋਟਾਂ ਦੀ
ਮਿੱਠੀ ਜਿਹੀ ਚੂੰ-ਚੂੰ ਸੁਣੇਗੀ
ਤੇ ਬੜੀ ਜਲਦੀ ਹੀ
ਉਹ ਵੀ ਭਰਨਗੇ
ਅਸਮਾਨ 'ਚ ਪਰਵਾਜ਼
ਭਰਵੇਂ ਇਕੱਠ ਨਾਲ ਉੱਡਦਿਆਂ
ਧਰਤੀ ਮਹਿਕ ਉੱਠੇਗੀ
ਸੁਣ ਕੇ ਉਨ੍ਹਾਂ ਦੀ ਮਿੱਠੀ ਜਿਹੀ ਆਵਾਜ਼

ਚੈਰੀ ਦੇ ਬੂਟੇ
ਲੱਦ ਗਏ ਹਨ
ਸਫ਼ੈਦ ਫੁੱਲਾਂ ਨਾਲ
ਇੰਞ ਲੱਗਦਾ ਹੈ
ਜਿਵੇਂ ਧਰਤੀ 'ਤੇ
ਹਜ਼ਾਰਾਂ ਚਿੱਟੇ ਕਬੂਤਰ ਤੇ ਘੁੱਗੀਆਂ
ਉੱਤਰ ਆਏ ਹੋਣ
ਤੇ ਲੋਕਾਈ ਨੂੰ
ਅਮਨ ਦਾ ਸੁਨੇਹਾ ਦੇ ਰਹੇ ਹੋਣ

ਕਿਸਾਨ ਕਰ ਰਹੇ ਨੇ ਤਿਆਰੀ

ਵੱਤਰ ਹੋਈ ਧਰਤੀ 'ਚ

ਬੀਜ ਬੀਜਣ ਦੀ

ਮੱਕੀ, ਸੋਇਆ ਬੀਨ ਤੇ ਹੋਰ ਫ਼ਸਲਾਂ ਨਾਲ

ਧਰਤੀ ਹਰੀ-ਭਰੀ ਹੋ ਜਾਏਗੀ

ਰੁੱਤ ਬਦਲ ਗਈ ਹੈ

ਰੁੱਤਾਂ ਦਾ ਬਦਲਣਾ ਹੀ ਜ਼ਿੰਦਗੀ ਹੈ

*

**ਅਤੀਤ ਦੇ ਛਿਣ**

ਜੇ ਮਿਲ ਜਾਣ ਮੈਨੂੰ
ਅਤੀਤ ਵਿਚ ਗੁਆਚੇ ਉਹ ਛਿਣ
ਭਾਵੇਂ ਇਕ ਹੀ ਛਿਣ ਕਿਉਂ ਨਾ ਹੋਵੇ
ਉਸ ਛਿਣ ਨੂੰ ਮੈਂ
ਗਲਵਕੜੀ 'ਚ ਲੈ ਕੇ
ਨਿਹਾਰਾਂਗਾ
ਪਿਆਰਾਂਗਾ
ਜੋ ਕੁਝ ਵੀ ਹੈ ਮੇਰਾ
ਉਸ ਤੋਂ ਵਾਰਾਂਗਾ

ਉਸ ਛਿਣ ਨੂੰ ਮੈਂ
ਅਜਿਹੀ ਥਾਂ ਲਕੋਵਾਂਗਾ
ਜਿੱਥੇ ਕਿਸੇ ਦੀ ਪਹੁੰਚ ਨਾ ਹੋਵੇ
ਸਭ ਦੀਆਂ ਨਜ਼ਰਾਂ ਤੋਂ ਬਚ ਕੇ
ਮਲਕੜੇ ਜਿਹੇ
ਉਸ ਕੋਲ ਜਾਵਾਂਗਾ
ਤੇ ਅਪਣੱਤ ਨਾਲ਼
ਉਸਨੂੰ ਛੋਹਾਂਗਾ

ਉਦਾਸੀ ਤੇ ਇਕੱਲਤਾ 'ਚ
ਉਸਨੂੰ ਕੋਲ ਬੁਲਾਵਾਂਗਾ
ਉਹ ਹੱਸੇਗਾ
ਤਾਂ ਮੈਂ ਵੀ ਹੱਸਾਂਗਾ
ਦਿਲ ਦੀ ਕਿਸੇ ਨੁੱਕਰੇ ਲੱਗੀਆਂ
ਸਾਰੀਆਂ ਬਾਤਾਂ ਦੱਸਾਂਗਾ

ਜੇ ਉਹ ਆਖੇਗਾ

ਕਿ ਮੈਂ ਤਾਂ ਇਕੱਲਾ ਹਾਂ
ਚਾਹੀਦੇ ਨੇ ਮੈਨੂੰ ਵੀ
ਮੇਰੇ ਸਾਥੀ ਛਿਣ
ਇਨਕਾਰ ਨਹੀਂ ਕਰਾਂਗਾ
ਝੱਟ-ਪੱਟ ਆਖਾਂਗਾ
ਜਾਹ ਬੁਲਾਅ ਲਿਆ ਉਨ੍ਹਾਂ ਨੂੰ ਵੀ
ਤੇ ਖ਼ੁਸ਼-ਆਮਦੀਦ ਆਖਾਂਗਾ

ਉਨ੍ਹਾਂ ਛਿਣਾਂ ਲਈ
ਮਿੱਟੀ ਗੁੰਨ੍ਹ ਕੇ
ਨਿੱਕਾ ਜਿਹਾ ਘਰ ਬਣਾਵਾਂਗਾ
ਲਿੱਪਾਂਗਾ
ਪੋਚਾਂਗਾ
ਫੁੱਲ-ਬੂਟਿਆਂ ਨਾਲ ਸਜਾਵਾਂਗਾ
ਜੇ ਉਹ ਥੱਕ-ਟੁੱਟ ਕੇ
ਸੁਸਤਾਉਂਦੇ ਹੋਣਗੇ
ਚੁੱਪ-ਚਾਪ ਪਰਤ ਆਵਾਂਗਾ
ਨਹੀਂ ਜਗਾਵਾਂਗਾ
ਇੰਞ ਅਤੀਤ ਦੇ ਛਿਣਾਂ ਨਾਲ਼
ਯਾਰੀ ਨਿਭਾਵਾਂਗਾ

*

**ਅਸੀਂ ਵੱਖਰੇ ਆਂ**

ਤੁਸੀਂ ਇਤਰਾਜ਼ ਕਰਦੇ ਹੋ
ਕਰੀ ਜਾਵੋ
ਕੋਈ ਗਿਲਾ ਨਹੀਂ ਸਾਨੂੰ
ਤੁਸੀਂ ਕਹਿੰਦੇ ਹੋ
ਕਹੀ ਜਾਵੋ
ਕਿ ਅਸੀਂ ਅੱਥਰੇ ਆਂ
ਤੇ ਅਸੀਂ ਵੱਖਰੇ ਆਂ

ਤੁਹਾਡਾ ਸੋਨੇ ਦਾ ਚਮਚਾ
ਜੋ ਤੁਸੀਂ
ਮੂੰਹ 'ਚ ਲੈ ਕੇ ਜੰਮੇ ਸੀ
ਹਥੌੜੇ ਨਾਲ ਭੰਨ ਦਿਆਂਗੇ
ਤੁਹਾਡੀ ਧੌਂਸ ਤੇ ਜਬਰੀ
ਕਿੱਲੇ ਨਾਲ ਬੰਨ੍ਹ ਦਿਆਂਗੇ
ਕਿਉਂਕਿ ਅਸੀਂ ਅੱਥਰੇ ਆਂ
ਤੇ ਅਸੀਂ ਵੱਖਰੇ ਆਂ

ਤੁਹਾਨੂੰ ਨਹੀਂ ਭਾਉਂਦੀਆਂ
ਜੇ ਸਾਡੀਆਂ ਕਵਿਤਾਵਾਂ
ਤਾਂ ਨਾ ਸਹੀ
ਸਾਨੂੰ ਦੇ ਕੇ ਕੜਕਦੀ ਧੁੱਪ
ਸਾਂਭ ਲਈਆਂ ਨੇ ਛਾਂਵਾਂ
ਤਾਂ ਫੇਰ ਕੀ ਹੋਇਆ
ਧੁੱਪ 'ਚ ਸੜਦਿਆਂ ਵੀ
ਅਸੀਂ ਤਾਂ ਲਿਖਦੇ ਜਾਣਾ ਹੈ
ਕਿਉਂਕਿ ਅਸੀਂ ਅੱਥਰੇ ਆਂ
ਤੇ ਅਸੀਂ ਵੱਖਰੇ ਆਂ

ਤੁਸੀਂ ਜੇ ਸਾਂਭ ਰੱਖਿਆ ਹੈ ਜ਼ਿੰਮੀ-ਆਸਮਾਨ ਹੀ ਸਾਰਾ
ਤਾਂ ਫੇਰ ਕੀ ਹੋਇਆ
ਇਹ ਕਬਜ਼ਾ ਸਦਾ ਨਹੀਂ ਰਹਿਣਾ
ਜ਼ੁਲਮ ਦਾ ਅੰਤ ਹੋਊ ਇਕ ਦਿਨ
ਅਸਾਡਾ ਤਾਂ ਇਹੀ ਕਹਿਣਾ
ਕਿਉਂਕ ਅਸੀਂ ਅੱਥਰੇ ਆਂ
ਤੇ ਅਸੀਂ ਵੱਖਰੇ ਆਂ

ਤੁਹਾਨੂੰ ਰਕੜਕਦਾ ਹੈ ਜੇ
ਅਸਾਡਾ ਅੱਥਰਾਪਨ
ਤਾਂ ਰੜਕੀ ਜਾਵੇ
ਤੁਹਾਡੀ ਨੀਂਦ ਹੈ ਉਡਾਉਂਦਾ
ਜੇ ਸਾਡਾ ਵੱਖਰਾਪਨ
ਤਾਂ ਉਡਾਈ ਜਾਵੇ
ਤੁਸੀਂ ਜੋ ਕਤਲ ਕੀਤੇ ਨੇ
ਅਸਾਡੇ ਰੰਗਲੇ ਸੁਪਨੇ
ਉਨ੍ਹਾਂ ਦਾ ਹਿਸਾਬ ਲੈਣਾ ਹੈ
ਅਸਾਡਾ ਇਹੀ ਕਹਿਣਾ ਹੈ
ਕਿਉਂਕਿ ਅਸੀਂ ਅੱਥਰੇ ਆਂ
ਤੇ ਹਾਂ! ਅਸੀਂ ਵੱਖਰੇ ਆਂ

*

## ਜੇ ਮਿਲਣਾ ਹੈ

ਜੇ ਮਿਲਣਾ ਹੈ
ਤਾਂ ਇਸ ਤਰ੍ਹਾਂ ਮਿਲੀਂ
ਜਿਵੇਂ ਪੰਛੀ
ਉਡਾਰੀ ਮਾਰ ਕੇ
ਬੋਟਾਂ ਨੂੰ ਮਿਲ਼ਦਾ ਹੈ

ਜਿਵੇਂ ਢਲ਼ ਰਹੇ
ਸੂਰਜ ਦਾ ਅਕਸ
ਆਹਿਸਤਾ-ਆਹਿਸਤਾ
ਝੀਲ ਦੇ ਪਾਣੀ 'ਚ
ਲੋਪ ਹੋ ਜਾਂਦਾ ਹੈ

ਜਿਵੇਂ ਹਨੇਰੀ ਰਾਤ 'ਚ
ਤਾਰਿਆਂ ਦੀ ਛਾਂਵੇਂ
ਜਗਮਗਾਉਂਦਾ ਜੁਗਨੂੰ
ਖ਼ੁਦ ਤਾਰਾ ਬਣ ਜਾਂਦੈ

ਜਿਵੇਂ ਭਟਕਦਾ ਰਾਹੀ
ਝੱਖੜਾਂ-ਤੂਫ਼ਾਨਾਂ 'ਚੋਂ ਲੰਘਦਾ
ਲਿਸ਼ਕਦੀ ਬਿਜਲੀ ਤੋਂ ਬਚਦਾ
ਆਖ਼ਿਰ ਮੰਜ਼ਿਲ 'ਤੇ ਪਹੁੰਚ
ਖ਼ੁਸ਼ੀ 'ਚ ਪਾਗਲ ਹੋ ਜਾਂਦੈ

ਜਿਵੇਂ ਖ਼ੁਸ਼ਬੂ
ਆਪਣੀ ਹੋਂਦ ਭੁੱਲ ਕੇ
ਦੂਜਿਆਂ ਦੇ
ਸਾਹੀਂ ਘੁਲ ਜਾਂਦੀ ਹੈ
ਤੇ ਸਾਰਾ ਆਲਾ-ਦੁਆਲਾ

ਮਹਿਕ ਨਾਲ ਭਰ ਜਾਂਦੀ ਹੈ

ਜੇ ਮਿਲਣਾ ਹੈ ਤਾਂ

ਸਾਰੇ ਗਿਲੇ-ਸ਼ਿਕਵੇ, ਨਸੀਹਤਾਂ

ਅਤੀਤ ਵਿਚ

ਜਾਣੇ-ਅਣਜਾਣੇ ਹੋਈਆਂ ਗ਼ਲਤੀਆਂ

ਕਿਤੇ ਦੂਰ-ਦੁਰਾਡੇ

ਮੁਆਫ਼ੀ ਦੀ ਥੇਹ 'ਚ ਦੱਬ ਆਵੀਂ

ਤੇ ਫਿਰ ਮਿਲਣ ਲਈ ਭੱਜ ਆਵੀਂ

*

**ਤੁਸੀਂ ਪਰਖਦੇ ਹੋ**

ਤੁਸੀਂ ਪਰਖਦੇ ਹੋ
ਤੇ ਮੇਰੀ ਦੁਖਦੀ ਰਗ ਫੜਦੇ ਹੋ
ਪਰ ਅੰਦਰਲੇ ਸੱਚ ਨੂੰ
ਤੇ ਭੁਰਦੇ ਕੱਚ ਨੂੰ
ਸਮਝਣ ਤੋਂ ਡਰਦੇ ਹੋ

ਤੁਸੀਂ ਪਰਖਦੇ ਹੋ
ਮੇਰੀਆਂ ਕਮਜ਼ੋਰੀਆਂ-ਦੁਸ਼ਵਾਰੀਆਂ
ਪਰ ਨਹੀਂ ਜਾਣਦੇ
ਇਸਦੀ ਕੀ ਹੈ ਵਜ੍ਹਾ
ਬਿਨ ਕਾਰਣੋਂ ਹੀ
ਸੁਣਾਅ ਦਿੰਦੇ ਹੋ ਸਜ਼ਾ

ਤੁਸੀਂ ਪਰਖਦੇ ਹੋ
ਮੇਰੀ ਹਾਰ ਨੂੰ
ਪਰ ਜਾਣਨਾ ਨਹੀਂ ਚਾਹੁੰਦੇ
ਕਿ ਹਾਰ ਨਹੀਂ ਹੁੰਦੀ ਹਰ ਵੇਰ
ਹਨੇਰੀ ਰਾਤ ਤੋਂ ਪਿੱਛੋਂ
ਆਉਂਦੀ ਹੈ ਸੂਹੀ ਸਵੇਰ

ਤੁਸੀਂ ਪਰਖਦੇ ਹੋ
ਜੇ ਕਿਸੇ ਦਾ ਦਿਲ ਦੁਖਾਇਆ ਹੈ।
ਪਰ ਸੱਚ ਜਾਣਿਓ
ਇਸ ਤੋਂ ਹਾਂ
ਬੜਾ ਈ ਸ਼ਰਮਸਾਰ
ਇਕ ਨਹੀਂ
ਦੋ ਨਹੀਂ

ਹਜ਼ਾਰ ਵਾਰ

ਤੁਸੀਂ ਪਰਖਦੇ ਹੋ
ਮੇਰੀਆਂ ਨਜ਼ਮਾਂ
ਆਪਣੇ ਹੀ ਪੈਮਾਨੇ ਨਾਲ਼
ਪਰ ਨਹੀਂ ਜਾਣਦੇ
ਅਸੀਂ ਨਹੀਂ ਕਰਦੇ ਸਮਝੌਤੇ ਜ਼ਮਾਨੇ ਨਾਲ

ਤੁਸੀਂ ਪਰਖਦੇ ਹੋ
ਕਿ ਦਿਨ ਨੂੰ ਦਿਨ
ਤੇ ਰਾਤ ਨੂੰ ਰਾਤ ਕਹਿੰਦਾ ਹਾਂ
ਪਰ ਨਹੀਂ ਜਾਣਦੇ
ਸੱਚ ਬੋਲਣ ਲਈ
ਕਿੰਨੇ ਕਸ਼ਟ ਸਹਿੰਦਾ ਹਾਂ

ਤੁਸੀਂ ਪਰਖਦੇ ਹੋ
ਕਿਉਂ ਸਵਾਲ ਕਰਦੇ ਹਾਂ
ਸ਼ਾਹੀ ਸਰਕਾਰ ਨੂੰ
ਪਰ ਨਹੀਂ ਜਾਣਦੇ
ਅਸੀਂ ਹੈ ਵਾਰ-ਵਾਰ ਕਹਿਣਾ
ਰਾਜੇ ਬੀਮਾਰ ਨੂੰ
ਕਿ ਘੁਣ ਲੱਗ ਚੁੱਕਿਆ ਹੈ
ਤੇਰੇ ਦਰਬਾਰ ਨੂੰ
ਤੁਹਾਡਾ ਕੰਮ ਪਰਖਣਾ ਹੈ
ਤਾਂ ਪਰਖੀ ਜਾਵੋ

*

**ਅਸਫਲਤਾ**

ਜੇ ਤੁਸੀਂ ਇਕ ਵੇਰ
ਸਫਲ ਨਹੀਂ ਹੋਏ
ਤਾਂ ਇਹ ਨਾ ਸਮਝੋ
ਕਿ ਤੁਸੀਂ ਅਸਫਲ ਹੋ

ਸਫਲ ਨਾ ਹੋਣ 'ਤੇ
ਸਫਲਤਾ ਲਈ
ਕੋਸ਼ਿਸ਼ ਜਾਰੀ ਰੱਖਣਾ ਹੀ
ਸਫਲਤਾ ਹੈ

ਅਸਫਲਤਾ
ਤੁਹਾਡੀ ਮੂਰਖਤਾ ਨਹੀਂ
ਤੁਹਾਨੂੰ ਸਫਲਤਾ ਵੱਲ
ਵੱਧਣ ਦਾ ਰਾਹ ਦੱਸਦੀ ਹੈ

ਅਸਫਲਤਾ
ਨਹੀਂ ਕਹਿੰਦੀ ਕਿ ਤੁਸੀਂ ਡਰਪੋਕ ਹੋ
ਇਹ ਤੁਹਾਨੂੰ
ਹੋਰ ਤਕੜੇ ਹੋਣ ਦਾ ਬਲ ਦਿੰਦੀ ਹੈ

ਅਸਫਲਤਾ
ਨਹੀਂ ਕਹਿੰਦੀ ਕਿ ਤੁਸੀਂ ਵਕਤ ਬਰਬਾਦ ਕੀਤਾ
ਇਹ ਦੱਸਦੀ ਹੈ
ਕਿ ਤੁਹਾਡੇ ਕੋਲ ਅਜੇ ਵੀ ਬਹੁਤ ਸਮਾਂ ਹੈ

ਅਸਫਲਤਾ
ਨਹੀਂ ਕਹਿੰਦੀ ਕਿ ਤੁਸੀਂ ਹਾਰ ਗਏ ਹੋ
ਇਹ ਤੁਹਾਨੂੰ

ਜਿੱਤ ਦਾ ਅਹਿਸਾਸ ਕਰਾਉਂਦੀ ਹੈ

ਅਸਫਲਤਾ
ਨਹੀਂ ਕਹਿੰਦੀ ਕਿ ਤੁਸੀਂ ਸਫਲ ਨਹੀਂ ਹੋਣਾ
ਇਹ ਤੁਹਾਨੂੰ
ਦ੍ਰਿੜਤਾ ਦੀ ਤਰਕੀਬ ਦੱਸਦੀ ਹੈ

ਅਸਫਲਤਾ
ਨਹੀਂ ਕਹਿੰਦੀ ਕਿ ਤੁਸੀਂ ਕੁਝ ਨਹੀਂ ਪਾਇਆ
ਇਹ ਦੱਸਦੀ ਹੈ
ਕਿ ਸਾਰੀ ਦੁਨੀਆ ਤੁਹਾਡੇ ਪਾਉਣ ਲਈ ਹੈ

ਅਸਫਲਤਾ ਤੋਂ ਡਰ ਕੇ
ਘਰ ਬਹਿ ਜਾਣਾ ਹੀ ਅਸਫਲਤਾ ਹੈ
ਯਤਨ ਛੱਡ ਦੇਣਾ
ਤੇ ਕੁਝ ਨਾ ਪਾਉਣਾ ਹੀ ਅਸਫਲਤਾ ਹੈ
ਔਝੜੇ ਰਾਹਾਂ 'ਤੇ ਨਾ ਜਾਣਾ
ਹੀ ਅਸਫਲਤਾ ਹੈ...

*

## ਮੇਘਲੇ ਨੂੰ ਬਰਸ ਲੈਣ ਦਿਉ

1.

ਨਾ ਰੋਕੋ ਇਸਨੂੰ
ਮੇਘਲੇ ਨੂੰ ਬਰਸ ਲੈਣ ਦਿਉ
ਭਰਿਆ ਪਿਆ ਹੈ ਦਿਲ ਇਸਦਾ
ਤਾਹੀਓਂ ਤਾਂ ਗੱਜਦਾ ਹੈ ਇਹ
ਨਗਾਰੇ ਵਾਂਗ ਵੱਜਦਾ ਹੈ ਇਹ
ਦਿਲ ਦੀ ਭੜਾਸ ਕੱਢ ਕੇ
ਹਲਕਾ ਹੋ ਜਾਵੇਗਾ
ਫਿਰ ਕਿਸੇ ਹੋਰ ਨਗਰ 'ਤੇ
ਮੋਹ ਦਰਸਾਏਗਾ

ਬਰਸਦਾ ਹੈ ਇਹ
ਤਾਂ ਚਿੜੀਆਂ, ਘੁੱਗੀਆਂ, ਸ਼ਾਰਕਾਂ
ਟੱਪਦੀਆਂ ਹਨ, ਨਹਾਉਂਦੀਆਂ ਹਨ
ਫਿਰ ਆਪਣੇ ਖੰਭ ਛੰਡ ਕੇ
ਮਸਤੀ ਦੇ ਆਲਮ 'ਚ
ਪਰਵਾਜ਼ ਭਰਦੀਆਂ ਹਨ
ਤੇ ਆਪਣੇ ਆਲ੍ਹਣੇ ਤੱਕ ਦਾ
ਪੰਧ ਤੈਅ ਕਰਦੀਆਂ ਹਨ

ਬਰਸਦਾ ਹੈ ਇਹ
ਤੇ ਪੈਦਾ ਕਰਦਾ ਹੈ
ਮਿੱਠਾ-ਮਿੱਠਾ ਹਲਕਾ-ਹਲਕਾ ਸੰਗੀਤ
ਇਸ ਦੀਆਂ ਧੁਨਾਂ
ਮਨ-ਮਸਤਕ ਨੂੰ ਸਕੂਨ ਦਿੰਦੀਆਂ ਹਨ
ਦਿਲ ਚੜ੍ਹਦੇ ਸੂਰਜ ਵਾਂਗ
ਰੁਸ਼ਨਾਅ ਜਾਂਦਾ ਹੈ

ਬਰਸਦਾ ਹੈ ਇਹ
ਤਾਂ ਸੜਦੀ ਹੋਈ ਧਰਤ ਦੀ
ਹਿੱਕ ਠਾਰਦਾ ਹੈ
ਉਸਦੇ ਧੁਰ ਅੰਦਰ ਜਾ ਕੇ
ਇਕ ਰੂਪ ਹੋ ਜਾਂਦਾ ਹੈ
ਤੇ ਧਰਤੀ ਮਹਿਕ ਉੱਠਦੀ ਹੈ
ਫਿਰ ਫ਼ਿਜ਼ਾ ਅੰਦਰ
ਖ਼ੁਸ਼ਬੂ ਹੀ ਖ਼ੁਸ਼ਬੂ ਉੱਡਦੀ ਹੈ

ਬਰਸਦਾ ਹੈ ਇਹ
ਤਾਂ ਮੁਰਝਾਈਆਂ ਫ਼ਸਲਾਂ
ਲਹਿਰਾਉਣ ਲੱਗਦੀਆਂ ਹਨ
ਕੋਂਪਲਾਂ 'ਚ ਠਹਿਰੀ ਇਕ-ਇਕ ਬੂੰਦ
ਜ਼ਿੰਦਗੀ ਬਖ਼ਸ਼ਦੀ ਹੈ
ਹਰ ਪਾਸੇ
ਹਰਿਆਵਲ ਭਾਅ ਮਾਰਦੀ ਹੈ
'ਪਹਿਲਾ ਪਾਣੀ ਜੀਓ ਹੈ
ਜਿਤ ਹਰਿਆ ਸਭ ਕੋਇ'

2.

ਮੇਘਲਾ ਬਰਸ ਗਿਆ ਹੈ
ਪਰ ਲੋੜ ਤੋਂ ਕਿਤੇ ਜ਼ਿਆਦਾ
ਤੂਫ਼ਾਨ ਤੇ ਹਾਵਾਵਾਂ ਏਨੀਆਂ ਤੇਜ਼
ਕਿ ਘਰਾਂ ਦੀਆਂ
ਛੱਤਾਂ ਉੱਡ ਗਈਆਂ ਹਨ
ਹਰ ਪਾਸੇ ਮਲਬੇ ਦੇ ਢੇਰ ਹਨ
ਲੋਕ ਸੜਕਾਂ 'ਤੇ ਕੁਰਲਾਉਂਦੇ ਹਨ।
ਜੜ੍ਹਾਂ ਤੋਂ ਉੱਖੜੇ ਰੁੱਖ

ਬਿਜਲੀ ਦੇ ਖੰਭਿਆਂ ਨਾਲ
ਫਸੇ ਪਏ ਹਨ
'ਵੈਦਰ ਚੈਨਲ' ਵਾਰ-ਵਾਰ
ਚੇਤਾਵਨੀ ਦੇ ਰਿਹਾ ਹੈ
ਕਈ ਸਟੇਟਾਂ ਨੇ
'ਸਟੇਟ ਆਫ਼ ਐਮਰਜੈਂਸੀ'
ਐਲਾਨ ਦਿੱਤੀ ਹੈ
ਰਾਹਤ ਕਾਰਜ ਚੱਲ ਰਿਹਾ ਹੈ
ਲੋਕਾਂ ਨੂੰ ਆਰਜ਼ੀ ਰਾਤ ਕਟਾਈ ਲਈ
ਵਸੀਲੇ ਲੱਭੇ ਜਾ ਰਹੇ ਨੇ
ਪਰ ਘਬਰਾਏ ਹੋਏ ਲੋਕ
ਏਧਰ-ਓਧਰ ਭੱਜ ਰਹੇ ਨੇ
ਮਲਬੇ ਥੱਲੇ ਦੱਬਿਆਂ ਨੂੰ
ਕੱਢ ਰਹੇ ਨੇ
ਸਮਾਂ ਪਾ ਕੇ ਫਿਰ
ਸਭ ਆਮ ਹੋ ਜਾਣੈ
ਜ਼ਿੰਦਗੀ ਜਿਊਣ ਲਈ ਜਿਊੜਿਆਂ
ਨਵਾਂ ਰਾਹ ਲੱਭ ਲੈਣੈ

'ਅੱਤ ਨਾ ਬਹੁਤਾ ਮੇਘਲਾ
ਅੱਤ ਨਾ ਬਹੁਤੀ ਧੁੱਪ
ਅੱਤ ਨਾ ਬਹੁਤਾ ਬੋਲਣਾ
ਅੱਤ ਨਾ ਬਹੁਤੀ ਚੁੱਪ

*

**ਬੈਕ-ਯਾਰਡ 'ਚ ਕੰਮ ਕਰਦਿਆਂ...**

ਸਕੂਨ ਮਿਲਦਾ ਹੈ
ਬੈਕ-ਯਾਰਡ 'ਚ
ਸਬਜ਼ੀਆਂ ਲਈ ਜ਼ਮੀਨ ਤਿਆਰ ਕਰਦਿਆਂ
ਮਿੱਟੀ ਦੀ ਮਹਿਕ
ਸਾਹਾਂ 'ਚ ਘੁਲ਼ਦੀ ਹੈ

ਮਨ ਹੀ ਮਨ
ਸਕੀਮਾਂ ਬਣਾਉਂਦਾ ਹਾਂ
ਭਿੰਡੀਆਂ ਏਥੇ ਲਗਾਵਾਂਗਾ
ਬੈਂਗਣ ਉਸ ਪਾਸੇ
ਤੇ ਕੌੜੀਆਂ ਮਿਰਚਾਂ ਵਿਚਕਾਰ
ਵੱਡਾਂ ਤੇ ਕਰੇਲਿਆਂ ਨੂੰ
ਫੈਂਸ ਦੇ ਲਾਗੇ

ਪੂਦਨੇ ਦੀ ਮਹਿਕ
ਹਵਾ 'ਚ ਘੁਲ ਰਹੀ ਹੈ
ਦੋ ਵਰ੍ਹੇ ਪਹਿਲਾਂ ਲਾਏ
ਚੈਰੀ ਤੇ ਪਲੰਮ ਦੇ ਬੂਟੇ
ਫੁੱਲਾਂ ਫੇਰ ਫਲਾਂ ਨਾਲ ਝੂਮਦੇ ਹਨ
ਭੱਜ ਕੇ ਅੰਦਰ ਆਉਂਦਾ ਹਾਂ
ਤੇ ਘਰਵਾਲੀ ਨੂੰ
ਇਸਦੀ ਖ਼ਬਰ ਦਿੰਦਾ ਹਾਂ
ਚੈਰੀ ਦਾ ਬੂਟਾ ਉਸਦਾ ਹੈ
ਤੇ ਪਲੰਮ ਦਾ ਮੇਰਾ
ਖ਼ੁਸ਼ ਹੈ ਉਹ ਵੀ ਬੜੀ

ਬੂਟਿਆਂ ਨਾਲ ਗੱਲਾਂ ਕਰਦਾ ਸੋਚਦਾ ਹਾਂ

ਇੰਞ ਕਰਨਾ ਕਈ ਵੇਰ
ਕਿਤੇ ਬਿਹਤਰ ਲੱਗਦਾ ਹੈ
ਮਨੁੱਖਾਂ ਨਾਲ ਕਰਨ ਨਾਲੋਂ
ਰੁੱਖ-ਬੂਟੇ ਨਹੀਂ ਕਰਦੇ
ਆਏ ਗਏ ਦੀਆਂ ਚੁਗਲੀਆਂ
ਨਾ ਹੀ ਲਿਖ ਕੇ ਜਾਂ ਬੋਲ ਕੇ
ਮਾਰਦੇ ਨੇ ਜੱਬਲੀਆਂ
ਸਭ ਲਈ ਵੰਡਦੇ ਨੇ
ਮਿੱਠਤ ਤੇ ਛਾਵਾਂ
ਜੀਅ ਕਰਦੈ
ਗੱਲਾਂ ਇਨ੍ਹਾਂ ਨਾਲ ਕਰੀ ਜਾਵਾਂ
ਸ਼ਾਲਾ!
ਧਰਤੀ ਦੀ ਗੋਦ ਭਰੀ ਰਵੇ
ਰੁੱਖਾਂ-ਬੂਟਿਆਂ ਨਾਲ

*

**ਥਕਾਵਟ**

ਘਰ ਅੱਜ ਛੇਤੀਂ ਆ ਗਏ
ਕਰਨੀ ਸੀ ਖ਼ਰੀਦੋ-ਫ਼ਰੋਖ਼ਤ
ਕਰਨਾ ਸੀ ਬਿੱਲਾਂ ਦਾ ਭੁਗਤਾਨ
ਤੇ ਬੀਵੀ ਨੇ
ਕਰਨਾ ਸੀ ਮੋੜ-ਮੁੜਾਈਆ
ਨਾ-ਪਸੰਦ ਵਸਤਾਂ ਦਾ
ਜੋ ਅਜੇ ਉਸਨੇ
ਪਿਛਲੇ ਹਫ਼ਤੇ ਹੀ ਖ਼ਰੀਦੀਆਂ ਸਨ

ਸਟੋਰ-ਦਰ-ਸਟੋਰ ਘੁੰਮਦਿਆਂ
ਉਸਦੀ ਪੈੜ-ਚਾਲ ਨੱਪਦਿਆਂ
ਜਦ ਅੱਕ ਗਿਆ
ਤਾਂ  ਕਿਹਾ-
"ਮੈਂ ਚਲਦਾ ਹਾਂ ਬਾਹਰ ਕਾਰ 'ਚ ਬਹਿਨਾਂ
ਤੂੰ ਆ ਜਾਈਂ ਜਦੋਂ ਵੀ ਵਿਹਲੀ ਹੋਈ।"

ਘਰ ਆਏ ਉਹ ਚਾਹ ਬਣਾਉਣ ਲੱਗੀ
ਤੇ ਮੈਂ ਕਾਰ 'ਚੋਂ ਗਰੋਸਰੀ ਲਾਹ
ਅੰਦਰ ਲਿਆਉਣ ਲੱਗਦਾ ਹਾਂ
ਚਾਹ ਪੀਤੀ ਤੇ ਉਹ ਆਪਣੇ ਰਿਸ਼ਤੇਦਾਰਾਂ ਨਾਲ
ਫੋਨ 'ਚ ਰੁਝ ਗਈ

ਮੌਸਮ ਬੜਾ ਸੁਹਾਵਣਾ ਹੈ ਅੱਜ
ਨਾ ਗਰਮੀ ਤੇ ਨਾ ਠੰਢ
ਸੋਚਦਾ ਹਾਂ ਕਿਉਂ ਨਾ
ਘਰ ਦੇ ਪਿਛਵਾੜੇ ਜਾ ਕੇ
ਸਬਜ਼ੀਆਂ ਗੁੱਡ ਆਵਾਂ
ਜਾਂਦਾ ਹਾਂ

ਬੈਂਗਣਾਂ, ਮਿਰਚਾਂ ਤੇ ਭਿੰਡੀਆਂ 'ਚ
ਬੜਾ ਨਦੀਨ ਉੱਗ ਆਇਆ ਹੈ
ਪਿੰਡੋਂ ਲਿਆਂਦਾ ਰੰਬਾ
ਨਦੀਨ ਦੀਆਂ ਜੜ੍ਹਾਂ 'ਚ ਫਿਰਦਾ ਹੈ
ਕਦਮ-ਦਰ-ਕਦਮ ਅਗਾਂਹ ਹੁੰਦਾ
ਮਨ ਹੀ ਮਨ
ਬੂਟਿਆਂ ਨਾਲ ਗੱਲਾਂ ਕਰਦਾ ਹਾਂ
ਤੇ ਕੰਮ ਵੀ ਕਰੀ ਜਾਂਦਾ ਹਾਂ
ਥਕਾਵਟ ਵੀ ਹੋ ਗਈ ਹੈ

ਅਚਾਨਕ ਅੰਦਰੋਂ ਬੀਵੀ ਦੀ ਆਵਾਜ਼ ਆਉਂਦੀ ਹੈ-
"ਜ਼ਰਾ ਅੰਦਰ ਆਇਓ
ਬਾਕੀ ਕੰਮ ਕੱਲ੍ਹ ਕਰ ਲੈਣਾ
ਇਕ 'ਸਰਪਰਾਈਜ਼' ਹੈ..."

ਮੁੜ੍ਹਕੇ ਨਾਲ ਭਿੱਜਿਆ ਅੰਦਰ ਆਉਂਦਾ ਹਾਂ
ਤੇ ਦੇਖਦਾ ਹਾਂ ਉਸ ਵੱਲ

"ਪਹਿਲਾਂ ਅੱਖਾਂ ਬੰਦ ਕਰੋ...।"
ਉਸਦੇ ਹੱਥਾਂ 'ਚ ਹੈ ਕੁਝ
ਲੁਕਾਇਆ ਹੈ ਜੋ ਉਸਨੇ ਪਿਛਾਂਹ ਵੱਲ
ਅੱਖਾਂ ਬੰਦ ਤੇ ਫਿਰ ਖੋਲ੍ਹਦਾ ਹਾਂ

ਦਲਜੀਤ ਮੋਖਾ ਦੀ ਕਿਤਾਬ
ਜੋ ਸੋਹਲ ਨੇ ਮੇਲ ਕੀਤੀ ਸੀ
ਮਿਲ ਗਈ ਹੈ
ਕਿਤਾਬ ਤੋਂ ਨਿਗਾਹ ਨਹੀਂ ਹਟਦੀ
ਸਾਰੀ ਥਕਾਵਟ ਦੂਰ ਹੋ ਗਈ ਹੈ

*

**ਭਗਤ ਸਿੰਘ ਦੀ ਜਨਮ ਸ਼ਤਾਬਦੀ 'ਤੇ**

ਜਨਮ ਤੇਰੇ ਦੀ
ਸੌਵੀਂ ਵਰ੍ਹੇ ਗੰਢ 'ਤੇ
ਡੱਬ-ਖੜੱਬੇ ਲੋਕਾਂ ਮਿਲ ਕੇ
ਜ਼ੋਰ ਲਗਾ ਕੇ
ਰੌਲ਼ਾ ਪਾ ਕੇ
ਤੇਰੇ ਵਰਗੇ ਬਸਤਰ ਪਾ ਕੇ
ਸਿਰਾਂ 'ਤੇ ਬਸੰਤੀ ਪੱਗ ਸਜਾਈ
ਝੂਠੀਆਂ-ਸੱਚੀਆਂ ਸੌਂਹਾਂ ਖਾ ਕੇ
ਗਲ਼ਾਂ 'ਚ ਝੂਠੇ ਪੱਲੂ ਪਾ ਕੇ
ਸੱਤਾ 'ਤੇ ਕਬਜ਼ੇ ਦੀ ਖ਼ਾਤਿਰ
ਤੇਰੀ ਜਨਮ ਸ਼ਤਾਬਦੀ ਮਨਾਈ

ਨੀਲੇ, ਚਿੱਟੇ ਨਾਲ ਹੀ ਭਗਵੇਂ
ਹਰ ਕੋਈ ਤੈਨੂੰ ਆਪਣਾ ਆਖੇ
ਸੱਭੇ ਇੱਕੋ ਬੋਲੀ ਬੋਲਣ
ਸੋਚ ਤੇਰੀ ਤੋਂ ਸਦੀਆਂ ਪਿੱਛੇ
ਕੋਈ ਤੈਨੂੰ ਸੂਬੇ ਨਾਲ ਬੰਨ੍ਹੇ
ਕੋਈ ਤੈਨੂੰ ਜ਼ਾਤੋਂ ਪਰਖੇ
ਕੋਈ ਧਰਮ ਦੀ ਆੜ 'ਚ ਤੈਨੂੰ
ਸਭ ਤੋਂ ਨੇੜੇ ਤੇਰੇ ਦੱਸੇ
ਸਭ ਨੂੰ ਤੇਰਾ ਹੇਜ ਜਾਗਿਆ
ਇਕ-ਦੂਜੇ ਤੋਂ ਵੱਧ ਚੜ੍ਹ-ਚੜ੍ਹ ਕੇ
ਕਰਨ ਭਕਾਈ
ਡੱਬ-ਖੜੱਬੇ ਲੋਕਾਂ ਇਸ ਤਰ੍ਹਾਂ
ਤੇਰੀ ਜਨਮ ਸ਼ਤਾਬਦੀ ਮਨਾਈ

ਤੂੰ ਤੇ ਤੇਰੇ ਸਾਥੀਆਂ ਚਾਹਿਆ

ਮੁਲਕ 'ਚ ਕਾਣੀ ਵੰਡ ਨਾ ਹੋਵੇ
ਸਾਮਰਾਜ ਦਾ ਜੂਲਾ ਟੁੱਟੇ
ਹਰ ਜਣਾ ਇੱਜ਼ਤ ਨਾਲ ਜੀਵੇ
ਐਹੋ-ਜਿਹੇ ਸਮਾਜ ਦੀ ਖ਼ਾਤਿਰ
ਸਿਰਲੱਥਾਂ ਨੂੰ ਕਰਕੇ 'ਕੱਠੇ
ਤਰਕ ਦੀ ਸਾਣ 'ਤੇ ਕਰਕੇ ਤਿੱਖੇ
ਤੁਸਾਂ ਨੇ ਸੀ ਦਲ ਬਣਾਇਆ
ਯੁੱਗ ਪਲਟਣ ਦਾ ਰਾਹ ਦਰਸਾਇਆ

ਪਰ ਅਜੇ ਉਹ ਕੰਮ ਅਧੂਰਾ
ਜਿਸਨੂੰ ਨੇਪਰੇ ਚਾੜ੍ਹਨ ਦੇ ਲਈ
ਜਿਹੜੀ ਵੀ ਕੋਈ ਉੱਠਦੀ ਟੋਲੀ
'ਭੂਰਿਆਂ' ਪਿੱਛੋਂ ਡੱਬ-ਖੜੱਬੇ
ਆਖ ਕੇ ਉਸਨੂੰ ਦੇਸ਼-ਧਰੋਹੀ
ਹਿੱਕੜੀਆਂ ਵਿਚ ਮਾਰਨ ਗੋਲੀ
ਤੇਰੇ ਫਾਂਸੀ ਲੱਗਣ ਪਿੱਛੋਂ
ਕਿੰਨੇ ਹੀ ਹੋਰ ਭਗਤ ਨੇ ਜੰਮੇ
ਸੋਚ ਤੇਰੀ 'ਤੇ ਦੇਵਣ ਪਹਿਰਾ
ਹੱਥਾਂ ਦੇ ਵਿਚ ਫੜੀ ਮਿਸ਼ਾਲਾਂ
ਪੰਧ ਉਨ੍ਹਾਂ ਦੇ ਬੜੇ ਨੇ ਲੰਮੇ
ਤੇਰੇ ਦੱਸੇ ਰਾਹ 'ਤੇ ਚੱਲਦਿਆਂ
ਕਰ ਰਹੇ ਲੋਕਾਂ ਦੀ ਅਗਵਾਈ
ਡੱਬ-ਖੜੱਬੇ ਲੋਕਾਂ ਨੇ ਵੀ
ਤੇਰੀ ਜਨਮ ਸ਼ਤਾਬਦੀ ਮਨਾਈ

*

**ਬੱਸ 'ਚ ਸਫ਼ਰ ਕਰਦਿਆਂ...**

ਦੌੜਦੀ ਜਾ ਰਹੀ ਏ ਬੱਸ

ਸਰਪਟ ਘੋੜੇ ਵਾਂਗ

ਗਾਹੁੰਦੀ ਜਾਂਦੀ ਹੈ

ਪਿੰਡਾਂ ਦੇ ਪਿੰਡ ਤੇ ਸ਼ਹਿਰ

ਨਹੀਂ ਜਾਣਦੀ

ਮੁੜਨਾ ਹੈ ਕਿੱਧਰ

ਤੇ ਰੁਕਣਾ ਹੈ ਕਿੱਥੇ?

ਬੱਸ ਚਾਲਕ

ਉਡੀਕਦਾ ਹੈ

ਕੰਡਕਟਰ ਦੀ ਸੀਟੀ

ਪਲਾਂ ਵਿਚ ਹੀ

ਰੁਕਦੀ ਤੇ ਫੇਰ ਦੌੜਦੀ ਹੈ

ਕੰਡਕਟਰ ਘਾਬਰਿਆ ਲੱਗਦਾ ਹੈ

ਕਿਸੇ ਨੂੰ ਸੀਟ ਨਹੀਂ ਮਿਲੀ

ਕਿਸੇ ਦਾ ਬੱਚਾ ਰੋ ਰਿਹੈ

ਖ਼ਬਰੇ ਕਿਹੜੀ ਸਵਾਰੀ

ਗਲ ਪੈ ਜਾਵੇ

ਕੌਣ ਨਕਲੀ ਨੋਟ ਦੇ ਦੇਵੇ

ਤੇ ਕਦੇ ਭਾਨ ਦਾ ਰੌਲ਼ਾ

ਮਿਹਰ ਕਰੀਂ ਮੇਰਿਆ ਮੌਲਾ

ਕਦੇ ਖ਼ੌਫ਼ ਰਹਿੰਦਾ ਹੈ

ਬੱਸ ਖ਼ਾਲੀ ਨਾ ਰਹਿ ਜਾਵੇ

ਮਿਲਦੀ ਵੀ ਹੈ

ਦੂਰ ਦੀ ਸਵਾਰੀ ਕਿ ਨਹੀਂ

ਮਾਫ਼ੀਏ ਦੀਆਂ ਬੱਸਾਂ

ਅਕਸਰ ਕਰਦੀਆਂ ਹਨ ਬੇਨਿਯਮੀਆਂ

ਏ. ਸੀ. ਵਾਲੀਆਂ ਨੇ ਤਾਂ

ਮਚਾਅ ਛੱਡੀ ਹੈ ਹੋਰ ਵੀ ਧਾਂਦਲੀ

ਸੋਚਰ ਰਿਹਾ ਹਾਂ

ਕਵਿਤਾ ਦੀ ਬਣਤਰ ਬਾਰੇ

ਪਰ ਇਕਾਗਰਤਾ ਨਹੀਂ ਬਣਦੀ

ਕੰਡਕਟਰ ਦੀ ਘਬਰਾਹਟ

ਕਵਿਤਾ ਨਾਲ ਖਹਿੰਦੀ ਹੈ

ਤੇ ਮੈਨੂੰ ਕਹਿੰਦੀ ਹੈ

ਹਾਲ ਦੀ ਘੜੀ

ਭੁੱਲ ਹੀ ਜਾਵਾਂ ਕਵਿਤਾ

ਬੱਸ ਅਜੇ ਵੀ

ਦੌੜੀ ਜਾ ਰਹੀ ਹੈ

*

**ਅਜਿਹੇ ਮੌਸਮਾਂ ਅੰਦਰ**

ਜਦੋਂ ਖ਼ਿਆਲ
ਠੰਢੇ ਯਖ਼ ਹੋ ਕੇ
ਬਰਫ਼ ਬਣ ਜਾਵਣ
ਕਾਮਿਆਂ ਦਾ ਕੁਹਰਾਮ
ਸੁਣਨੇ ਤੋਂ ਇਨਕਾਰੀ
ਚੁੱਲ੍ਹਿਆਂ 'ਚ ਬਲਦੀ
ਸੀਤ ਅੱਗ ਨੂੰ
ਦੇਖਣ ਤੋਂ ਹੋ ਜਾਣ ਆਰੀ

ਜਦੋਂ ਬੱਚਿਆਂ ਦੇ ਰੰਗਲੇ ਸੁਪਨੇ
ਧੁਆਂਖੇ ਜਾਵਣ
ਤੇ ਖੇਡਣ ਨੂੰ ਤਰਸ ਜਾਣ ਆਂਗਣ
ਰੋਟੀ ਦੀ ਇਕ ਗਰਾਹੀ ਲਈ
ਢਾਬਿਆਂ 'ਤੇ ਕੰਮ ਕਰਦਿਆਂ
ਜੂਠੇ ਬਰਤਨਾਂ ਦੇ ਢੇਰ ਮਾਂਜਣ
ਤੇ ਉਨ੍ਹਾਂ ਦੇ ਮਰ ਚੁੱਕੇ ਚਾਵਾਂ ਨੂੰ
ਸਮਝਣ ਤੋਂ ਅਸਮਰੱਥ ਹੋ ਜਾਵਣ ਖ਼ਿਆਲ

ਜਦੋਂ ਖ਼ੁਦਕੁਸ਼ੀਆਂ
ਬਣਦੀਆਂ ਨੇ ਤਾਜ਼ਾ ਤਰੀਨ ਖ਼ਬਰਾਂ
ਤੇ ਮੋਇਆਂ ਦੀ ਦਹਿਲੀਜ਼ ਲੰਘਣ
ਮਗਰਮੱਛ ਜਿਹੇ
ਨੇਤਾਵਾਂ ਦੀਆਂ ਡਾਰਾਂ
ਸੱਥਰ 'ਤੇ ਬਹਿ ਕੇ
ਵਾਅਦਿਆਂ ਦੇ ਬੁੱਕ ਭਰ-ਭਰ ਵੰਡਣ
ਗੁੰਗੀ ਹੋ ਜਾਏ
ਖ਼ਿਆਲਾਂ ਦੀ ਜ਼ਬਾਨ

ਤੇ ਅੰਨ੍ਹੀਆਂ ਹੋ ਜਾਣ ਨਜ਼ਰਾਂ

ਜਦੋਂ ਪਾੜ੍ਹਿਆਂ ਦੀ ਪਾਠ ਪੁਸਤਕਾਂ
ਚਿੱਟੀਆਂ, ਨੀਲੀਆਂ
ਤੇ ਕਦੇ ਭਗਵੀਆਂ ਹੋਣ ਲੱਗਣ
ਝੋਲਿਆਂ 'ਚ ਤੁੰਨੀਆਂ ਡਿਗਰੀਆਂ
ਸੜਕਾਂ 'ਤੇ ਭਟਕਣ
ਮੰਤਰੀਆਂ ਦੇ ਮੰਤਰ-ਮੁਗਧ ਭਾਸ਼ਣ
ਭੋਲਿਆਂ ਮਨਾਂ ਨੂੰ ਠਗਣ
ਤੇ ਖ਼ਿਆਲ
ਖ਼ਬਰਾਂ 'ਚ ਉਲਝ ਜਾਵਣ

ਜਦੋਂ ਪਾਣੀਆਂ ਵਿਚ
ਘੁਲ਼ਦੀ ਹੈ ਮੌਤ ਰੂਪੀ ਜ਼ਹਿਰ
ਸਾਹ ਲੈਣਾ ਵੀ ਹੋ ਜਾਏ ਆਤੁਰ
ਹਵਾ ਵੀ ਹੋ ਜਾਵੇ ਗੰਧਲੀ
ਖਾਕ ਹੋ ਜਾਏ ਜ਼ਿੰਦਗੀ ਰੰਗਲੀ
ਤੇ ਖ਼ਿਆਲਾਂ ਦੀ ਸੁੰਘਣ ਸ਼ਕਤੀ
ਦੇ ਦੇਵੇ ਜਵਾਬ
ਤਾਂ ਕਿੱਧਰੋਂ 'ਭਾਲੋਗੇ' ਫਿਰ ਪੰਜ-ਆਬ

ਜਦੋਂ ਚੇਤਨਾ ਦੀ ਲਾਟ
ਕੰਬਦੀ-ਕੰਬਦੀ ਬੁਝਣ ਲੱਗ ਜਾਵੇ
'ਚੱਲ ਹਊ' ਦਾ ਖ਼ਿਆਲ
ਮਨਾਂ 'ਚ ਘਰ ਕਰ ਜਾਵੇ
ਭਰੀ ਦੁਨੀਆ 'ਚ ਵੀ
ਬੰਦਾ ਮਹਿਸੂਸੇ ਸੱਖਣਾ-ਸੱਖਣਾ
ਤਾਂ ਦੋਸਤੋ !
ਅਜਿਹੇ ਮੌਸਮਾਂ ਅੰਦਰ

ਬੜਾ ਹੀ ਲਾਜ਼ਮੀ ਹੋ ਜਾਂਦੈ

ਠੰਢੇ ਯਖ਼ ਹੋ ਕੇ

ਬਰਫ਼ ਬਣੇ ਖ਼ਿਆਲਾਂ ਨੂੰ

ਲਗਾਤਾਰ ਮਘਾਈ ਰੱਖਣਾ

*

**ਕਿੰਨਾ ਚੰਗਾ ਲੱਗਦਾ ਹੈ**

ਚੰਨ ਚਾਨਣੀ ਰਾਤ ਵਿਚ
ਦਰਿਆ ਕਿਨਾਰੇ
ਚੁੱਪ-ਚੁਪੀਤੇ ਤੁਰਦਿਆਂ
ਠਰੀ-ਠਰੀ ਰੇਤ ਦਾ ਪੈਰਾਂ ਨੂੰ ਛੂਹਣਾ
ਕਿੰਨਾ ਸਕੂਨ ਦਿੰਦਾ ਹੈ
ਨਿੱਕੇ-ਨਿੱਕੇ ਕਦਮਾਂ ਨਾਲ
ਕਾਇਨਾਤ ਨਾਲ ਗੱਲਾਂ ਕਰਨਾ
ਚੁੱਪ ਦੀ ਆਵਾਜ਼ ਸੁਣਨਾ
ਕਿੰਨਾ ਚੰਗਾ ਲੱਗਦਾ ਹੈ

ਥੋੜ੍ਹੀ ਦੂਰ ਰੁੱਖਾਂ ਤੋਂ
ਕਿਸੇ ਵਿਲਕਦੇ ਪੰਛੀ ਦੀ
ਵੈਰਾਗਣੀ ਹੂਕ ਉੱਠਦੀ ਹੈ
ਸ਼ਾਇਦ
ਉਸਦਾ ਸਾਥੀ ਵਿਛੜਿਆ ਹੈ
ਜਾਂ ਕਿਸੇ ਸ਼ਿਕਾਰੀ ਦੇ
ਤੀਰ ਦਾ ਪੱਛਿਆ ਹੈ

ਚੰਨ ਚਾਨਣੀ
ਰੁੱਖਾਂ ਦੀਆਂ ਟਾਹਣੀਆਂ 'ਚੋਂ
ਛਣ-ਛਣ ਕੇ
ਜ਼ਮੀਨ ਚੁੰਮ ਰਹੀ ਹੈ
ਚਾਨਣੀ ਦਾ ਜ਼ਮੀਨ ਚੁੰਮਣਾ
ਕਿੰਨਾ ਚੰਗਾ ਲੱਗਦਾ
ਜਦੋਂ ਚੁੱਪ ਬੋਲਦੀ ਹੈ
ਆਹਿਸਤਾ-ਆਹਿਸਤਾ
ਮਲਕੜੇ ਜਿਹੇ

ਬੰਦ ਇੰਦਰੀਆਂ ਖੋਲ੍ਹਦੀ ਹੈ

ਹੁੰਗਾਰਾ ਸੁਣ ਕੇ

ਫੇਰ ਪਰ ਤੋਲਦੀ ਹੈ

ਪੋਲੇ-ਪੋਲੇ ਕਦਮੀਂ ਤੁਰਦਿਆਂ

ਤੁਹਾਡੇ ਨਾਲ ਵਿਚਰਨਾ

ਤੇ ਚੁੱਪ ਨਾਲ ਸੰਵਾਦ ਕਰਨਾ

ਕਿੰਨਾ ਚੰਗਾ ਲੱਗਦਾ ਹੈ...।

*

**ਸਾਵਣ**

ਰਿਮਝਿਮ ਕਰਦਾ ਸਾਵਣ ਆਇਆ
ਵਾਦੀ 'ਚ ਵਿਛ ਗਈ ਹੈ
ਹਰੀ-ਭਰੀ ਚਾਦਰ
ਖ਼ੁਸ਼ ਹੈ ਕਾਦਰ

ਚਰਾਂਦਾਂ 'ਚ ਚੁਗ ਰਹੇ ਨੇ
ਗਾਵਾਂ, ਭੇਡਾਂ ਤੇ ਘੋੜੇ
ਸੂਤ ਕੱਤ ਰਹੀਆਂ ਨੇ ਮੱਕੀਆਂ
ਝੂਲਦੀਆਂ, ਲਹਿਰਾਉਂਦੀਆਂ
ਮਨ ਨੂੰ ਭਾਉਂਦੀਆਂ
ਗਿੱਧੇ 'ਚ ਨੱਚਦੀਆਂ ਜਿਉਂ
'ਕੱਠੀਆਂ ਹੋ ਸਖੀਆਂ

ਉੱਡ-ਉੱਡ ਪੰਖੇਰੂ ਆਉਂਦੇ
ਨੂੰਗਣ ਦੂਧੀਆ ਛੱਲੀਆਂ
ਮਾਰਦੇ ਉਡਾਰੀਆਂ
ਹੱਸਦੀਆਂ ਨੇ
ਫੇਰ ਵੀ ਇਹ ਝੱਲੀਆਂ

ਬੰਦ ਨੇ ਸਕੂਲ ਅਜੇ
ਖੁੱਲ੍ਹਣਗੇ ਮਹੀਨੇ ਅੰਤ 'ਤੇ
ਮਾਰਦੇ ਨੇ ਛਾਲਾਂ ਬਾਲ
ਪਾਰਕਾਂ 'ਚ ਝੂਲਦੇ ਨੇ
ਰੰਗ-ਬਰੰਗੇ ਝੂਲਿਆਂ 'ਤੇ

ਦੌੜਦੇ-ਭੱਜਦੇ ਮਾਰਦੇ ਕਿਲਕਾਰੀਆਂ
ਮਸਤੀਆਂ ਹੀ ਮਸਤੀਆਂ
ਭੁੱਲੀਆਂ-ਵਿਸਰੀਆਂ ਨੇ

ਚਿੰਤਾਵਾਂ ਸਾਰੀਆਂ

ਵਧ ਰਹੇ ਨੇ ਘਾਹ ਖੁੰਭਾਂ ਵਾਂਗਰਾਂ
ਵੀਕ-ਐਂਡ 'ਤੇ ਗੂੰਜਦੇ ਨੇ
ਹਰ ਘਰ ਵਿਚ ਲਾਅਨ ਮੋਅਰ*
ਲੈਂਡ-ਸਕੇਪਿੰਗ ਕਾਮੇ ਵੀ
ਖ਼ੁਸ਼ ਨੇ ਬੜੇ
ਵਧ ਗਿਆ ਹੈ ਕੰਮ
ਬਣਨਗੇ ਵੱਧ ਪੈਸੇ

ਸੋਏਬੀਨ ਖੇਤਾਂ 'ਚ
ਵਿਛੀ ਪਈ ਹੈ ਇਸ ਤਰ੍ਹਾਂ
ਜਿਉਂ ਕਿਸੇ ਚੜ੍ਹਾਈ ਹੋਵੇ ਹਰੀ ਚਾਦਰ
ਪੀਰ ਦੀ ਮਜ਼ਾਰ 'ਤੇ

ਪਹਾੜੀਆਂ 'ਤੇ ਘਣੇ ਰੁੱਖ
ਝੂਮਦੇ ਨੇ ਇਸ ਤਰ੍ਹਾਂ
ਕਰਦੇ ਹੋਣ ਜਿਸ ਤਰ੍ਹਾਂ
ਇਬਾਦਤ ਆਪਣੇ ਕਾਦਰ ਦੀ

ਘਰਾਂ ਮੂਹਰੇ ਮਹਿਕਦੇ ਨੇ
ਭਾਂਤ-ਭਾਂਤ ਦੇ ਫੁੱਲ-ਬੂਟੇ
ਕੱਢਦੀਆਂ ਨਦੀਨ ਨੇ ਸੁਆਣੀਆਂ
ਵਾਦੀ 'ਚ ਵਿਛੀ ਹਰੀ ਚਾਦਰ
ਸਾਵਣ ਦੀ ਰਿਮਝਿਮ ਦੀਆਂ
ਪਾ ਰਹੀ ਹੈ ਕਹਾਣੀਆਂ...।

*

**ਸ਼ਬਦਾਂ ਦੀ ਸੰਗਤ: ਨਜਮ ਹੁਸੈਨ ਸੱਯਦ**

ਦੱਸਦੇ ਨੇ

ਹਰ ਹਫ਼ਤੇ ਜੁੰਮੇ ਵਾਲ਼ੇ ਦਿਨ

ਉਸਦੇ ਘਰ ਸੰਗਤ ਜੁੜਦੀ ਹੈ।

ਜਿੱਥੇ ਲੀਡਰਾਂ ਵਾਲ਼ੇ

ਝੂਠੇ ਲਾਰੇ ਤੇ ਗਰਾਂਟਾਂ ਨਹੀਂ

ਸ਼ਬਦਾਂ ਦੇ

ਗੱਫੇ ਵੰਡੇ ਜਾਂਦੇ ਨੇ

ਪੰਜਾਬੀ ਪਿਆਰੇ

ਸਿਰਫ਼ ਲਹੌਰੋਂ ਹੀ ਨਹੀਂ

ਮੁਲਤਾਨ, ਸਾਹੀਵਾਲ

ਤੇ ਹੋਰ ਖਿੱਤਿਆਂ ਤੋਂ ਵੀ

ਸੰਗਤ 'ਚ ਆਂਦੇ ਨੇ

ਉਹ ਸਹਿਜ ਹੈ

ਮਲਕੜੇ ਜਿਹੇ ਮੁਸਕਰਾਉਂਦਾ

ਮਲਕੜੇ ਜਿਹੇ ਗੱਲ ਕਰਦਾ ਹੈ

ਪੰਜਾਬੀ ਨੂੰ ਤਰਾਸ਼ਣ ਲਈ

ਉਸਨੂੰ ਬਚਾਵਣ ਲਈ

ਸ਼ਬਦਾਂ ਨੂੰ

ਤਰਖਾਣ ਦੇ ਰੰਦੇ ਵਾਂਗ ਰੰਦਦਾ ਹੈ।

'ਬੋਲੀ ਬਚੇਗੀ ਤਾਹੀਓਂ

ਜੇ ਮਾਰਾਂਗੇ ਰਲ ਕੇ ਹੰਭਲਾ'

ਉਹ ਮੰਨਦਾ ਹੈ

ਕਿੰਨੇ ਹੀ ਮੁਲਕਾਂ 'ਚ

ਉਸ ਦੇ ਸੰਗੀ-ਸਾਥੀ ਨੇ

ਮੰਜ਼ੂਰ ਇਜਾਜ਼, ਸਫ਼ੀਰ ਰਾਮਾਹ

ਜਾਵੇਦ ਬੂਟਾ ਤੇ ਇਰਫ਼ਾਨ ਮਲਿਕ
ਅਮਰੀਕਾ 'ਚ ਰਹਿੰਦਿਆਂ
ਹਰ ਪਲ ਫ਼ਿਕਰਾਂ 'ਚ ਰਹਿੰਦੇ ਨੇ
ਤੇ ਜ਼ਬਾਨ ਨੂੰ ਬਚਾਵਣ ਦੇ
ਹੀਲੇ-ਵਸੀਲੇ ਕਰਦੇ ਰਹਿੰਦੇ ਨੇ

ਕਹਾਣੀਆਂ ਪਾਉਣ ਵਾਲਾ
ਜ਼ਬੈਰ ਅਹਿਮਦ
ਤੇ ਪੰਚਮ ਵਾਲ਼ਾ
ਮਕਸੂਦ ਸਾਕਿਬ
ਪਰਛਾਂਵੇਂ ਵਾਂਗ
ਉਸਦੇ ਨਾਲ ਰਹਿੰਦੇ ਹਨ
ਹੋਰ ਵੀ ਬੜੇ ਨੇ ਪਰ
ਜੋ ਆਪਣੇ ਤਰੀਕੇ ਨਾਲ
ਮਾਰ ਰਹੇ ਨੇ ਹੰਭਲਾ
ਅਹਿਮਦ ਸਲੀਮ, ਬਾਬਾ ਨਜਮੀਂ
ਸਮੇਂ-ਸਮੇਂ 'ਤੇ
ਆਵਾਜ਼ ਚੁੱਕਦੇ ਨੇ
ਤੇ ਮਾਰਦੇ ਨੇ 'ਹਾਅ ਦਾ ਨਾਅਰਾ'

ਪ੍ਰੋ. ਜਾਵੇਦ ਯੱਕੀ
ਨਜ਼ੀਰ ਚੌਧਰੀ ਤੇ ਫ਼ਾਲਕਨ
ਤਰ੍ਹ ਗਏ ਨੇ ਭਾਵੇਂ
ਨਾ ਮੁੜਨ ਵਾਲੀ ਥਾਂ
ਲੈਂਦੇ ਹੁੰਦੇ ਸੀ ਪਰ
ਉਹ ਵੀ ਬੜੇ ਅਦਬ ਨਾਲ ਉਸਦਾ ਨਾਂ

ਵਲੈਤੀਆ ਅਮੀਨ ਮੁਗ਼ਲ ਵੀ
ਉਸਦੀ ਹਾਮੀ ਭਰਦਾ ਹੈ

ਗੱਲ ਚੱਲੇ ਜਦ ਬੋਲੀ ਦੀ
ਤਾਂ ਡਟ ਕੇ ਖੜ੍ਹਦਾ ਹੈ

ਮਜ਼ਹਰ ਤਿਰਮਜ਼ੀ, ਅਮਰਜੀਤ ਚੰਦਨ
ਜਦ ਵੀ ਮਾਰਨ ਗੇੜਾ
ਤਾਂ ਉਸਦੀ ਚੌਂਕੀ ਭਰਦੇ ਨੇ
ਤੇ ਉਸਦੇ ਸੰਗਤੀ ਬਣ ਕੇ
ਬਚਨ-ਬਿਲਾਸ ਕਰਦੇ ਨੇ

ਉਹ ਨਜ਼ਮ ਲਿਖੇ
ਡਰਾਮਾ ਜਾਂ ਪਰਖ
ਉਸਦੇ ਅੱਖਰ
ਅੰਗਿਆਰ ਬਣ ਮਘਦੇ ਨੇ
ਤੇ ਦੁੱਲੇ ਭੱਟੀ, ਅਹਿਮਦ ਖ਼ਰਲ ਜਿਹੇ
ਯੋਧਿਆਂ ਦੀ ਗੱਲ ਕਰਦੇ ਨੇ

ਉਸਦੀ ਸੰਗਤ ਵਿਚ
ਪੜ੍ਹੇ ਜਾਂਦੇ ਨੇ
ਤੇ ਵਿਚਾਰੇ ਜਾਂਦੇ ਨੇ ਪੂਰੇ ਦੇ ਪੂਰੇ
ਕਦੇ ਵਾਰਿਸ, ਬਾਹੂ, ਫ਼ਰੀਦ

ਬੁੱਲ੍ਹੇ ਸ਼ਾਹ ਤੇ ਨਾਨਕ
ਦੱਸਦੇ ਨੇ
ਅੱਜ-ਕੱਲ੍ਹ ਪੜ੍ਹਿਆ ਤੇ
ਵਿਚਾਰਿਆ ਜਾ ਰਿਹਾ ਹੈ
ਦਮੋਦਰ

ਆਹਲਾ ਸ਼ਾਇਰ ਤੇ ਸੋਚਵਾਨ
ਮੁਸ਼ਤਾਕ ਸੂਫ਼ੀ
ਸ਼ਾਇਦ ਰੁਝੇਵਿਆਂ ਕਾਰਣ

ਅੱਜ-ਕੱਲ੍ਹ ਸੰਗਤ ਨਹੀਂ ਕਰਦਾ
ਉਂਵ ਉਹ ਬੋਲੀ ਦਾ
ਸੱਚਾ ਆਸ਼ਿਕ ਹੈ

ਵਰ੍ਹਿਆਂ ਤੋਂ ਜਾਰੀ ਹੈ
ਨਜਮ ਦਾ ਇਹ ਸਿਲਸਿਲਾ
ਸੰਗਤ ਨੂੰ ਖੁਆਇਆ ਜਾਂਦਾ ਹੈ
ਸਾਦਾ ਦਾਲ-ਫੁਲਕਾ ਤੇ ਕੜਾਹ
ਜੋ ਮਹਿੰਗੇ ਰੈਸਟੋਰਾਂ ਨੂੰ
ਮਾਤ ਪਾਉਂਦਾ ਹੈ

ਹਾਕਮ ਸਦਾ ਹੀ
ਚੱਲਦੇ ਨੇ ਚਾਲਾਂ
ਬੋਲੀ (ਪੰਜਾਬੀ) ਨੂੰ ਖੋਰਨ ਦੀਆਂ
ਸੋਚ ਨੂੰ ਮਰੋੜਨ ਦੀਆਂ
ਤੇ ਚੱਲਦੇ ਰਹਿਣਗੇ
ਪਰ ਨਜਮ ਵੀ
ਹੋਰਾਂ ਪਿਆਰਿਆਂ ਨਾਲ ਰਲ਼ ਕੇ
ਚੱਲ ਰਿਹਾ ਹੈ
ਆਪਣੀ ਹੀ ਮਸਤਾਨੀ ਤੋਰ

ਕਿਸੇ ਨੂੰ ਗਿਲਾ ਹੋ ਸਕਦਾ ਹੈ
ਸ਼ਿਕਵਾ ਹੋ ਸਕਦਾ ਹੈ
ਉਸਦੇ ਤੌਰ ਤਰੀਕੇ 'ਤੇ
ਪਰ ਡਾਹਢਾ ਔਖਾ ਹੈ
ਬਣ ਸਕਣਾ
ਨਜਮ ਜਿਹਾ ਹੋਰ
ਉਹ ਸੰਗਤ ਦਾ ਪਿਆਰਾ ਹੈ
ਸੰਗਤ ਨੂੰ ਪ੍ਰਣਾਇਆ ਹੈ

ਪੰਜਾਬੀ ਦਾ ਆਸ਼ਿਕ ਹੈ

ਪੰਜਾਬ ਦਾ ਜਾਇਆ ਹੈ...।

*

**ਸ਼ਬਦਾਂ ਦਾ ਡਾਕਟਰ: ਸਵਰਾਜਬੀਰ**

ਉਹ ਡਾਕਟਰ ਵੀ ਹੈ
ਤੇ ਆਹਲਾ ਪੁਲਿਸ ਅਫ਼ਸਰ ਵੀ
ਚੰਗਾ ਹੋਇਆ
ਉਹ ਦਿੱਲੀ ਜਾ ਟਿਕਿਆ
ਨਹੀਂ ਪੰਜਾਬ 'ਚ ਤਾਂ
ਕਿਸੇ ਯਕੀਨ ਵੀ ਨਹੀਂ ਸੀ ਕਰਨਾ
ਕਿ ਉਹ ਆਈ. ਜੀ. ਰੈਂਕ ਦਾ ਅਫ਼ਸਰ ਹੈ
ਅਸਲ ਵਿਚ ਉਹ
ਸ਼ਬਦਾਂ ਦਾ ਡਾਕਟਰ ਹੈ
ਦੱਸਦੇ ਨੇ ਕਿ
ਡਾਕਟਰੀ ਦੀ ਪੜ੍ਹਾਈ ਸਮੇਂ
ਅੰਬਰਸਰ 'ਚ 'ਚਾਲੀ ਖੂਹਾਂ' ’ਤੇ ਪੜ੍ਹਦਿਆਂ
ਡੰਗਰ ਚਾਰਦੇ ਇਕ ਵਾਗੀ ਮੁੰਡੇ ਨੇ
ਉਹਨੂੰ ਪੁੱਛਿਆ:
“ਕੀ ਪੜ੍ਹਦਾ ਏਂ?”

"ਇਮਤਿਹਾਨ ਦੀ ਤਿਆਰੀ ਕਰਦਾ ਹਾਂ।”
ਜਵਾਬ ਸੁਣ ਕੇ ਮੁੰਡੇ ਨੇ ਫਿਰ ਕਿਹਾ:
"ਜਾਣਨਾ ਚਾਹੁੰਦਾਂ ਏਂ ਸ਼ਬਦਾਂ ਦੀ ਕਰਾਮਾਤ?”
ਤੇ ਉਸ ਨੇ ਪਾਸ਼ ਦੀ ਨਜ਼ਮ ਸੁਣਾਈ
ਉਸ ਦਿਨ ਉਹ
ਝੰਜੋੜਿਆ ਗਿਆ ਸੀ ਧੁਰ ਅੰਦਰੋਂ
ਫਿਰ ਉਹਨੇ
ਪਿੱਛੇ ਮੁੜ ਕੇ ਨਹੀਂ ਦੇਖਿਆ
ਸਟੂਡੈਂਟ ਫ਼ੈਡਰੇਸ਼ਨ ਦੇ ਨਾਲ ਤੁਰਦਿਆਂ
ਨਵਤੇਜ ਪ੍ਰੀਤਲੜੀ ਦੀ ਮੌਤ ਤੋਂ ਬਾਅਦ ਉਹ
'ਤੇਰੀ ਧਰਤੀ ਤੇਰੇ ਲੋਕ' ਨਾਲ ਸੰਬੋਧਨ ਹੋਇਆ

ਤਾਂ ਮੇਰੇ ਜਿਹੇ ਕਿੰਨਿਆਂ ਦੇ ਦਿਲ ਹਲੂਣੇ ਗਏ

ਉਹ ਸਭ ਦਾ ਚਹੇਤਾ ਹੈ

ਅੰਮ੍ਰਿਤਾ ਪ੍ਰੀਤਮ ਉਸਨੂੰ ਪਿਆਰ ਕਰਦੀ ਸੀ

ਨੂਰ ਉਹਦੇ ਘਰੇ ਆਉਣਾ ਸੁਭਾਗ ਸਮਝਦਾ ਸੀ

ਮੋਹਨਜੀਤ ਦਾ ਉਹ ਲਾਡਲਾ ਹੈ

ਸਰਬਜੀਤ ਉਹਦੇ ਕੰਮ 'ਤੇ ਕੰਮ ਕਰਕੇ ਖ਼ੁਸ਼ ਹੁੰਦਾ ਹੈ

ਨਿਊਯਾਰਕ ਵਸਦਾ ਦਲਜੀਤ ਮੋਖਾ

ਹਰ ਪਲ ਉਸਨੂੰ ਉਡੀਕਦਾ ਰਹਿੰਦਾ ਹੈ

ਆਰਥਰ ਵਿਕਟਰ ਉਸਦੇ ਗੁਰਦਾਸਪੁਰੀਏ ਹੋਣ 'ਤੇ

ਫੁੱਲਿਆ ਨਹੀਂ ਸਮਾਉਂਦਾ

ਬੇੜੀਆਂ ਦੇ ਪੁਲ ਤੋਂ

ਹਰ ਕਿਸੇ ਨੂੰ

ਨਦੀ ਵਿਚ ਸੁੱਟਣ ਵਾਲਾ ਪ੍ਰਮਿੰਦਰਜੀਤ

ਉਹਨੇ ਨਾਲ ਜੀਣ-ਮਰਨ ਦੇ

ਵਾਅਦੇ ਕਰਦਾ ਹੈ

ਗੁਰਸ਼ਰਨ ਭਾਜੀ ਤੇ ਪਾਸ਼

ਉਹਨੂੰ ਪਿਆਰ ਕਰਦੇ ਸਨ

ਕੇਵਲ ਧਾਲੀਵਾਲ ਤੇ ਮਦੀਹਾ ਗੌਹਰ

ਉਹਦੇ ਨਾਟਕਾਂ ਦਾ ਮੰਚਨ ਕਰਕੇ ਖ਼ੁਸ਼ ਹੁੰਦੇ ਹਨ

ਢੇਰ ਸਾਰੀਆਂ ਨਜ਼ਮਾਂ ਦੀ ਤਖ਼ਤੀ ਬਣਾਅ ਕੇ

ਤੇ ਦਰਜਨਾਂ ਨਾਟਕ ਲਿਖ ਕੇ

ਉਹ ਅਜੇ ਵੀ

ਦਰਸ਼ਨ ਖਟਕੜ ਦੀ ਸਲਾਹ 'ਤੇ

ਲਿਖ ਰਿਹਾ ਹੈ ਨਾਟਕ 'ਸਤਨਾਮੀਆ' ਬਾਰੇ

ਉਹ ਡਾਕਟਰ ਤਾਂ ਹੈ ਈ

ਪੁਲਿਸ ਅਫ਼ਸਰ ਵੀ

ਕਵੀ ਤੇ ਨਾਟਕਕਾਰ ਵੀ

ਯਾਰਾਂ ਦਾ ਯਾਰ ਵੀ

ਇਹ ਪੱਥਰ 'ਤੇ ਲਕੀਰ ਹੈ

ਇਹ ਸਾਡਾ ਪਿਆਰਾ ਸਵਾਰਜਬੀਰ ਹੈ

*

**ਦਲਜੀਤ ਮੋਖਾ ਹਾਜ਼ਿਰ ਹੋ...**

ਫੋਨ ਦੀ ਘੰਟੀ ਵੱਜਦੀ ਹੈ
ਕੋਈ ਸਤਾਈ ਵਰ੍ਹੇ ਪਹਿਲਾਂ ਦੀ ਗੱਲ ਹੈ:
"ਨਿਊਯਾਰਕ ਤੋਂ ਦਲਜੀਤ ਮੋਖਾ ਬੋਲ ਰਿਹਾਂ
ਅਖ਼ਬਾਰ 'ਚ ਪੜ੍ਹਿਆ ਏ
ਤੁਸੀਂ ਅਮਰੀਕੀ ਕਵੀਆਂ ਦੀ ਕਿਤਾਬ ਛਾਪ ਰਹੇ ਹੋ...?”

“ਹਾਂ ਜੀ।” ਕਹਿੰਦਾ ਹਾਂ

"ਕਿਹੋ ਜਿਹੀ ਹੋਏਗੀ ਕਵਿਤਾ?”

“ਕੋਸ਼ਿਸ਼ ਤਾਂ ਹੈ ਕਿ ਵਧੀਆ ਈ ਹੋਏਗੀ।
ਗ਼ਦਰੀ ਬਾਬਿਆਂ ਤੋਂ ਸ਼ੁਰੂ ਕਰਾਂਗੇ।"

“ਬਸ ਏਹੋ ਪਤਾ ਕਰਨਾ ਸੀ
ਹੁਣ ਤਾਂ ਮੈਨੂੰ ਵੀ ਤੁਸੀਂ ਨਾਲ ਈ ਸਮਝੋ।"

ਕਹਿੰਦਾ ਹਾਂ:
“ਤੁਹਾਡੀ ‘ਸਮੁੰਦਰੀ ਹਵਾ" ਨੂੰ ਰੁਮਕਦੇ ਦੇਖਿਆ ਹੈ
ਪਰ ਜਲੰਧਰ ਪੜ੍ਹਦਿਆਂ ਵੀ ਮੇਲ ਨਹੀਂ ਹੋਇਆ।”

(ਉਹ ਬੈਂਕ ਮੈਨੇਜਰ ਸੀ ਤੇ ਉਸਦੀ ਯਾਰੀ ਵੱਡੇ ਲੇਖਕਾਂ ਪ੍ਰੇਮ ਪ੍ਰਕਾਸ਼, ਮੀਸ਼ਾ ਤੇ ਦੀਦ ਆਦਿ ਨਾਲ ਸੀ)

"ਇਸ ਦਾ ਹਮੇਸ਼ਾ ਹੇਰਵਾ ਰਹੇਗਾ ਮੈਨੂੰ।”
ਉਹ ਜਵਾਬ ਦਿੰਦਾ ਹੈ:
“ਕੋਈ ਨਾ, ਹੁਣ ਸਾਰੇ ਧੋਣੇ ਧੋ ਦਿਆਂਗੇ।"

ਫੇਰ ਮੇਲ-ਜੋਲ ਏਨਾ ਵਧਿਆ
ਕਿ ਉਹ ਦੋ-ਚਾਰ ਹੋਰ ਦੋਸਤਾਂ ਨਾਲ
ਮਹੀਨੇ 'ਚ ਘੱਟੋ-ਘੱਟ ਦੋ ਵੇਰ

ਬਾਲਟੀਮੋਰ ਆ ਜਾਂਦਾ
ਬੇਸਮੈਂਟ ਵਿਚ ਸਾਰਿਆਂ ਦੇ ਬਿਸਤਰ ਹੁੰਦੇ
ਦੇਰ ਰਾਤ ਤਕ ਉਹ
ਕਵਿਤਾ ਦੀਆਂ ਪਰਤਾਂ ਫਰੋਲਦਾ
ਵੱਡੇ ਲੇਖਕਾਂ ਦੀਆਂ ਛੋਟੀਆਂ ਗੱਲਾਂ ਸੁਣਾਉਂਦਾ।

ਮੈਂ ਕਿਹਾ:
"ਨਿਊਯਾਰਕ 'ਚ ਤੂੰ
ਰਣਧੀਰ ਸਿੰਘ ਤੇ ਮਾਰਕੋ ਹੋਰਾਂ ਨੂੰ ਮਿਲ
ਉਹ ਹਰ ਮਹੀਨੇ
ਸਾਹਿਤ ਦੀ ਸਭਾ ਲਗਾਉਂਦੇ ਨੇ...।"

ਉਹ ਮਿਲਿਆ
ਤੇ ਸਭਾ 'ਚ ਆਪਣੀ ਵੱਖਰੀ ਪਛਾਣ ਬਣਾ ਲਈ
ਫੇਰ ਕੁਝ ਵਰ੍ਹੇ ਉਹ ਗ਼ਾਇਬ ਹੋ ਗਿਆ
ਕਿਸੇ ਨਾਲ ਨਾ ਫੋਨ ਨਾ ਕੋਈ ਰਾਬਤਾ
ਸਭ ਨੂੰ ਫ਼ਿਕਰ ਹੋਇਆ
ਰਣਧੀਰ ਸਿੰਘ ਦਾ ਫੋਨ ਆਇਆ:
"ਯਾਰੋ ਲੱਭੋ ਉਸਨੂੰ
ਰਾਣੀ ਨਗਿੰਦਰ ਕਹਿੰਦੀ
ਕਿੱਧਰ ਗੁੰਮ ਗਿਆ ਹੈ ਉਹ
ਸਭਾ ਦੀਆਂ ਬੈਠਕਾਂ 'ਚ ਰਸ ਘੋਲਦਾ ਸੀ ਉਹ।"
*

ਕੁੜੀਆਂ ਤੇ ਕਿਤਾਬਾਂ ਨਾਲ ਮੁਹੱਬਤ ਸੀ ਉਸਦੀ
ਵੱਡੀ ਧੀ ਦਾ ਨਾਂ 'ਕਵਿਤਾ' ਰੱਖਿਆ
ਛੋਟੀ ਦਾ 'ਹਰਲੀਨ'
ਪਤਨੀ 'ਰਾਜ' ਨੂੰ ਕਹਿੰਦਾ:
"ਇਹ ਕੁੜੀਆਂ ਨਹੀਂ ਮੇਰੇ ਸ਼ੇਰ ਪੁੱਤ ਹਨ।"

ਘਰ ਦੇ ਹਰ ਕੋਨੇ ਵਿਚ ਪਈ ਕਿਤਾਬ
ਤੁਹਾਡੀ ਸੋਹਬਤ ਦੀ ਉਡੀਕ ਕਰਦੀ ਹੈ
ਤੁਹਾਨੂੰ ਧਾਅ ਕੇ ਮਿਲਦੀ ਹੈ
ਜਿਵੇਂ ਕਹਿੰਦੀ ਹੋਏ:
"ਆ ਦੋ ਪਲ ਮੇਰੇ ਕੋਲ ਬਹੁ
ਏਡੀ ਵੀ ਕਾਹਲ ਕਾਹਦੀ...।”
*

ਉਹਦੇ ਸਾਹਾਂ 'ਚ ਕਵਿਤਾ ਸੀ
ਹਰ ਸਾਹ ਨਾਲ ਚੰਗੀ ਕਵਿਤਾ ਦੀ ਗੱਲ ਛੇੜਦਾ
ਚੰਗੇ ਕਵੀਆਂ ਨਾਲ ਮੋਹ ਸੀ ਉਸਨੂੰ
ਕਹਿੰਦਾ:
"ਸੁਰਿੰਦਰ ਸੋਹਲ ਦੇ ਮੇਲ ਨੇ
ਮੈਨੂੰ ਬਣਾ ਦਿੱਤਾ ਹੈ...।”

ਦੂਰ-ਦੁਰਾਡੇ ਮੁਲਕਾਂ 'ਚ ਫੋਨ ਕਰਦਾ
ਜਾਂ ਈਮੇਲਾਂ ਭੇਜਦਾ
ਦਿੱਲੀ ਵਸਦੇ ਇਮਰੋਜ਼-ਅੰਮ੍ਰਿਤਾ ਤੇ ਨੂਰ ਦਾ
ਸਵਰਾਜਬੀਰ ਤੇ ਮੋਹਨਜੀਤ ਦਾ
ਜਲੰਧਰੀਏ ਪ੍ਰੇਮ ਪ੍ਰਕਾਸ਼ ਤੇ ਜਸਵੰਦ ਦੀਦ ਦਾ
ਅੰਬਰਸਰੀਏ ਅੰਬਰੀਸ਼ ਤੇ ਪ੍ਰਮਿੰਦਰਜੀਤ ਦਾ
ਉਹ ਗਾਹੇ-ਬਗਾਹੇ ਹਾਲ-ਹਵਾਲ ਪੁੱਛਦਾ ਰਹਿੰਦਾ
ਕੈਨੇਡਾ ਦੇ ਸਾਧੂ ਬਿਨਿੰਗ ਤੇ ਡਾ. ਸਾਧੂ ਸਿੰਘ
ਗੁਰਦੀਪ ਵਿਨੀਪੈਗ ਤੇ ਉਂਕਾਰਪ੍ਰੀਤ ਨਾਲ
ਉਹ ਘੰਟਿਆਂ ਗੱਲਾਂ ਕਰਦਾ
ਆਪਣੇ ਅੱੜਬ ਸੁਭਾਅ ਲਈ ਜਾਣਿਆ ਜਾਂਦਾ
ਲੰਡਨੀਆਂ ਅਮਰਜੀਤ ਚੰਦਨ
ਉਸਦਾ ਗੂੜ੍ਹਾ ਯਾਰ ਸੀ ਸਵਿਟਜ਼ਰਲੈਂਡ ਵਾਲੇ ਦੇਵ ਦੀ ਕਵਿਤਾ ਦਾ
ਉਹ ਸ਼ੈਦਾਈ ਸੀ

*

ਕਿੰਨੇ ਹੀ ਲੇਖਕ ਉਸਨੂੰ ਮਿਲਣ ਆਉਂਦੇ

ਉਸਨੂੰ ਚਾਅ ਚੜ੍ਹ ਜਾਂਦਾ

ਸਭ ਨੂੰ ਘੁੰਮਾਉਂਦਾ-ਫਿਰਾਉਂਦਾ

ਖ਼ਾਸ ਕਰਕੇ ਮੋਮਾ

ਫਿਰ ਕਹਿਣਾ:

"ਠਹਿਰੋ ਬਈ

ਪਹਿਲਾਂ ਕੁਝ ਖਾ ਲਈਏ ਫਿਰ ਚੱਲਾਂਗੇ ਅਗਾਂਹ...।"

ਕਦੇ ਫੋਨ 'ਤੇ ਗੱਲ ਹੋਣੀ ਤਾਂ ਨੀਰੂ ਨੂੰ ਕਹਿਣਾ:

"ਸਹਿਰਾਅ ਤਾਂ ਬੜੀ ਵੇਰ ਦੇਖ ਚੁੱਕਿਆ ਹੈ ਨਿਊਯਾਰਕ

ਹੁਣ ਤੁਹਾਡੀ ਵਾਰੀ ਹੈ ਦੱਸੋ ਕਦੋਂ ਆ ਰਹੇ ਹੋ..?"

*

ਉਸ ਦਾ ਭਰਾ ਸੁਖਬੀਰ ਦੱਸਦਾ ਕਿ

ਇਕ ਵੇਰ ਉਸਦਾ ਇਕ ਦੋਸਤ ਉਸਨੂੰ

ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਗਿਆ ਨਾਲ ਲੈ ਗਿਆ

ਉਹ ਗੱਲਾਂ ਕਰਦੇ ਰਹੇ

ਫਿਰ ਅੰਮ੍ਰਿਤਾ ਨੇ ਪੁੱਛਿਆ:

"ਤੁਹਾਡਾ ਕੀ ਨਾਂ ਹੈ?"

"ਸੁਖਬੀਰ ਮੋਖਾ।"

ਅੰਮ੍ਰਿਤਾ ਝੱਟ ਬੋਲੀ:

"ਤੂੰ ਦਲਜੀਤ ਮੋਖਾ ਨੂੰ ਜਾਣਦਾ ਏਂ?"

"ਹਾਂ ਜੀ, ਉਹ ਮੇਰਾ ਵੱਡਾ ਭਰਾ ਏ।"

ਅੰਮ੍ਰਿਤਾ ਦੀਆਂ ਅੱਖਾਂ ਵਿਚ ਚਮਕ ਸੀ

ਕਹਿੰਦਾ:

"ਮੈਨੂੰ ਬੜਾ ਚੰਗਾ ਲੱਗਿਆ।"

ਫਿਰ ਉਹ ਗੱਲ ਕਰਦਾ ਕਰਦਾ

ਸੋਚਾਂ ਵਿਚ ਗੁਆਚ ਗਿਆ...।

*

ਅਸੀਂ ਪੈਨਸਲਵੇਨੀਆ ਆ ਗਏ

ਮਿਲਣੀਆਂ ਹੋਰ ਵੀ ਵਧ ਗਈਆਂ

ਸੋਹਲ ਤੇ ਆਪਣੇ

ਦੋਹਾਂ ਦੇ ਪਰਿਵਾਰਾਂ ਸਮੇਤ ਮਿਲਦਾ

ਬੱਚਿਆਂ ਨਾਲ ਬੱਚਾ ਹੋ ਜਾਂਦਾ ਤਾਂ ਹੀ

ਤਾਂ ਉਸਦੀ ਵਿਦਾਇਗੀ ਵੇਲੇ

ਰਮਣੀਕ ਦੀਆਂ ਅੱਖਾਂ ਵਗ ਰਹੀਆਂ ਸਨ।

*

ਕਵਿਤਾ ਨੂੰ ਸਮਰਪਿਤ

ਹਰ ਵੇਲੇ ਕਵਿਤਾ 'ਚ ਹਾਜ਼ਰ-ਨਾਜ਼ਰ

ਭਲਾ ਕਿਵੇਂ ਹੋ ਸਕਦਾ ਹੈ ਜ਼ਿੰਦਗੀ 'ਚੋਂ ਗ਼ੈਰ-ਹਾਜ਼ਰ

ਇਹ ਖ਼ਿਆਲ ਬੜਾ ਤੰਗ ਕਰਦਾ ਹੈ।

ਤੇ ਮੈਂ ਸੋਚਦਾ ਹਾਂ

ਉਸਦੇ ਸਭ ਦੋਸਤਾਂ ਨੂੰ ਬੁਲਾ ਕੇ

ਇਕ ਕਚਹਿਰੀ ਲਗਾਵਾਂ

ਤੇ ਉਸਨੂੰ ਸੰਮਨ ਭੇਜਾਂ

ਪੇਸ਼ੀ ਭੁਗਤਣ ਆਏ, ਕਿਸੇ ਨੁੱਕਰੇ ਬੈਠੇ ਨੂੰ

ਚੀਖ਼ ਚੀਖ਼ ਕੇ ਉਚੀ ਆਵਾਜ਼ 'ਚ ਕਹਾਂ:

“ਦਲਜੀਤ ਮੋਖਾ ਹਾਜ਼ਰ ਹੋ

ਦਲਜੀਤ ਮੋਖਾ ਹਾਜ਼ਰ ਹੋ..!”

*

1. ਸਮੁੰਦਰੀ ਹਵਾ' ਮੋਖੇ ਦੀ ਕਾਵਿ-ਪੁਸਤਕ

2. ਮਿਊਜ਼ੀਅਮ ਆਫ਼ ਮਾਡਰਨ ਆਰਟ

3. ਸੁਰਿੰਦਰ ਸੋਹਲ ਦੀ ਬੇਟੀ

*

**ਮੁਹੱਬਤ ਦਾ ਸਿਰਨਾਵਾਂ: ਬੱਬੋ**

ਪਹਿਲੀ ਸਤੰਬਰ ਦੀ ਸ਼ਾਮ
ਸੁਰਿੰਦਰ ਸੋਹਲ ਦਾ ਮੈਸਿਜ ਹੈ-
'ਮਾਂ ਚਲੇ ਗਈ।'

ਦਿਲ ਧੱਕ ਕਰ ਕੇ ਰਹਿ ਗਿਆ
ਪਰ ਯਕੀਨ ਕਿਵੇਂ ਕਰੀਏ?
ਇੰਝ ਲੱਗਿਆ ਜਿਵੇਂ
ਉੱਠ ਕੇ ਗੁਆਂਢ 'ਚ ਸੈਰ ਲਈ ਗਈ ਹੋਵੇ

ਕੋਲ ਖੜ੍ਹਾ ਉਂਕਾਰਪ੍ਰੀਤ ਕਹਿੰਦਾ:
"ਬੱਸ! ਸਾਡੇ ਸਾਹਵੇਂ ਹੀ ਤੁਰ ਗਈ...।"

ਘਰ ਵੜਦਿਆਂ ਹੀ ਉਸਦਾ ਆਸਣ ਹੁੰਦਾ
ਹਰ ਆਏ-ਗਏ ਦੀ ਖ਼ਬਰ ਰੱਖਦੀ
ਨੀਝ ਨਾਲ ਤੱਕਦੀ, ਪਛਾਣਦੀ
ਕਲਾਵੇ 'ਚ ਲੈਂਦੀ
ਅਸੀਸਾਂ ਨਾਲ਼ ਝੋਲੀ ਭਰ ਦਿੰਦੀ

ਇਕ ਵੇਰ ਸਿਹਤ ਜ਼ਿਆਦਾ ਵਿਗੜ ਗਈ
ਹਸਪਤਾਲ ਰਹੀ ਪਰ ਛੇਤੀ ਹੀ
ਸਿਹਤਯਾਬ ਹੋ ਘਰ ਪਰਤ ਆਈ
ਅਸੀਂ ਮਿਲਣ ਗਏ ਤਾਂ ਕਹਿੰਦੀ:
"ਐਤਕੀਂ ਤਾਂ
ਉੱਤੋਂ ਮੁੜ ਕੇ ਆਈ ਆਂ
ਓਥੇ ਲਾਈਟਾਂ ਹੀ ਲਾਈਟਾਂ ਜਗਣ
ਸੋਹਣੀਆਂ-ਸੋਹਣੀਆਂ ਕੁੜੀਆਂ
ਅੱਗੇ-ਪਿੱਛੇ ਘੁੰਮਣ
ਪਰ ਖਾਣ ਨੂੰ ਕੁਝ ਨਾ ਦੇਣ।"

ਸਭ ਪਾਸੇ ਹਾਸਾ ਖਿੱਲਰ ਗਿਆ

ਨੀਰੂ ਕਹਿੰਦੀ:
“ਬੀਬੀ ਓਥੇ ਬਾਪੂ ਨਈਂ ਮਿਲਿਆ?”

ਗੰਭੀਰ ਹੋ ਕੇ ਕਹਿੰਦੀ:
“ਨਈਂ ਓਹ ਤਾਂ ਨਈਂ ਸੀ ਓਥੇ...।”

ਸੋਹਲ ਦਾ ਵੱਡਾ ਭਰਾ ਦੱਸਦਾ ਹੈ:
“ਜਦੋਂ ਸਿਹਤ ਜ਼ਿਆਦਾ ਕਮਜ਼ੋਰ ਹੋ ਗਈ
ਅਸੀਂ ਚਿਕਨ ਦੇ ਉਬਾਲੇ ਪਾਣੀ 'ਚ
ਮਸਰਾਂ ਦੀ ਦਾਲ ਰਿੰਨ੍ਹ ਕੇ ਦੇਣ ਲੱਗੇ
ਕਿੰਨੇ ਦਿਨ ਖਾਂਦੀ ਰਹੀ
ਇਕ ਦਿਨ ਨਿੱਕੀ ਜਿਹੀ ਹੱਡੀ ਆ ਗਈ
ਤਾਂ ਸਭ ਕੁਝ ਬੰਦ।”

ਹੱਸਦੀ ਹੋਈ ਕਹਿੰਦੀ:
"ਲੈ! ਮੈਨੂੰ ਮੂਰਖ ਬਣਾਉਂਦੇ ਰਹੇ...।”

ਸ਼ਾਮ ਢਲੀ 'ਤੇ ਫੋਨ ਦੀ ਘੰਟੀ ਵੱਜਣੀ
ਤਾਂ ਕਹਿਣਾ
"ਮੇਰੀ ਕੁੜੀ ਦਾ ਫੋਨ ਆਇਆ
ਉਹ ਹਰ ਰੋਜ ਕਰਦੀ ਆ ਫੋਨ ਐਸ ਵੇਲੇ।”

ਇਕ ਦਿਨ ਅਸੀਂ ਓਥੇ ਸੀ ਤਾਂ
ਰਾਣੀ ਨਗਿੰਦਰ ਹੋਰੀਂ ਵੀ ਮਿਲਣ ਆਏ
ਕਿਸੇ ਨੇ ਰਾਣੀ ਦਾ ਨਾਂ ਲਿਆ
ਤਾਂ ਨੀਝ ਨਾਲ ਦੇਖਦੀ ਬੋਲੀ:
"ਅੱਛਾ ਇਹ ਉਹ ਰਾਣੀ ਆਂ

ਜਿਹਨੂੰ ਕੁੱਤੇ ਨੇ ਵੱਢਿਆ ਸੀ...?"

ਰਾਣੀ ਉੱਠੀ ਧਾ ਕੇ ਬੱਬੋ ਨੂੰ ਚਿੰਬੜ ਗਈ:
"ਮਾਈ ਗਾਡ! ਵਰ੍ਹਿਆਂ ਪੁਰਾਣੀ ਗੱਲ ਤਾਂ
ਹੁਣ ਮੈਨੂੰ ਵੀ ਯਾਦ ਨਹੀਂ ਸੀ...।"

ਗੁਰਦੀਪ ਵਿਨੀਪੈੱਗ ਦੀਆਂ
ਕਿੰਨੀਆਂ ਗੱਲਾਂ ਸੁਣਾਉਂਦੀ
ਹੱਸ-ਹੱਸ ਦੂਹਰੀ ਹੁੰਦੀ:
"ਕਹੂਗਾ ਬੀ...ਬੀ...
ਤੂੰ ਤਾਂ 'ਸੀਸਾਂ ਦੇ-ਦੇ ਕੇ
ਮੇਰੀ ਝੋਲੀ ਈ ਪਾੜ ਦਿੰਨੀ ਐਂ...।"

ਬਲਦੇਵ ਧਾਲੀਵਾਲ ਨਾਲ਼
ਡਾਹਢਾ ਮੋਹ ਸੀ ਉਸਨੂੰ
ਉਸਦਾ ਮਲਵਈ ਉਚਾਰਣ
ਉਸਦੇ ਕੰਨਾਂ 'ਚ ਰਸ ਘੋਲ਼ਦਾ
ਤਾਂ ਹੀ ਤਾਂ ਉਹ ਫੋਨ 'ਤੇ ਕਹਿੰਦਾ:
"ਮੈਂ ਕਿਹਾ-
'ਬੱਬੋ ਤੂੰ ਪਾਠ ਕਰ ਲਿਆ ਕਰ।'
ਅੱਗੋਂ ਕਹਿੰਦੀ-
'ਲੈ ਪੁੱਤ ਕਿੱਦਾਂ ਕਰਾਂ ਪਾਠ?
ਜਦੋਂ ਵੀ ਬਹਿੰਦੀ ਆਂ
ਮੇਰੇ ਡਮਾਕ 'ਚ ਤਾਂ
ਨਾਟਕ ਚੱਲਣ ਲੱਗ ਪੈਂਦੇ ਆ।'
ਰਵਿੰਦਰ ! ਬੜੀ ਮੋਹ ਖੋਰੀ ਸੀ ਬੱਬੋ...।"

ਉਂਕਾਰਪ੍ਰੀਤ ਨੂੰ ਤਾਂ ਉਹ
ਆਪਣਾ ਪੁੱਤ ਹੀ ਸਮਝਦੀ ਸੀ

ਦਲਜੀਤ ਮੋਖਾ ਕਦੇ-ਕਦੇ ਆਖਦਾ:

"ਬੱਬੋ ਨੂੰ ਮਿਲ ਕੇ ਲੱਗਦਾ

ਸੌ ਸਾਲ ਪੁਰਾਣੇ ਪਿੰਡ ਨੂੰ ਮਿਲ਼ੇ ਆਂ...।"

ਆਪ ਵੀ ਮੋਖੇ ਨੂੰ ਬੜਾ ਯਾਦ ਕਰਦੀ ਕਹਿੰਦੀ:

"ਇਕ ਦਿਨ ਘਰ ਆਇਆ

ਮੈਂ- 'ਸੋਹਲ ਤਾਂ ਹੈਨੀ ਘਰ !

ਕਹਿੰਦਾ- 'ਬੱਬੋ ਮੈਂ ਸੋਹਲ ਨੂੰ ਨਈਂ

ਤੈਨੂੰ ਮਿਲਣ ਆਇਆਂ...।"

ਫਿਰ ਲੰਮਾ ਹਾਉਕਾ ਭਰਦੀ ਬੋਲੀ:

"ਰਾਜ ਨੂੰ ਤਾਂ 'ਰਾਜ' ਕਰਾਅ ਗਿਆ

ਪਰ ਆਪ ਧੋਖਾ ਦੇ ਗਿਆ ਮੋਖਾ...।"

ਕਿੰਨੇ ਹੀ ਹੋਰ ਲੇਖਕ ਘਰ ਆਉਂਦੇ

ਸਭ ਦੀਆਂ ਗੱਲਾਂ ਯਾਦ ਰੱਖਦੀ

ਮੋਹ ਦਾ ਠੰਢਾ ਝਰਨਾ ਸੀ ਬੱਬੋ

ਹਾਸਿਆਂ ਦਾ ਅਤੁੱਟ ਜ਼ਖ਼ੀਰਾ

ਯਾਦਾਂ ਦਾ ਖ਼ਜ਼ਾਨਾ

ਤੇ ਮੁਹੱਬਤ ਦਾ ਸਿਰਨਾਵਾਂ...।

*

**ਕਾਵਿ-ਚਿੱਤਰ**

ਨੱਕੋ-ਨੱਕ ਭਰਿਆ ਰਵਿੰਦਰ ਸਹਿਰਾਅ

-ਮੋਹਨਜੀਤ

ਜਦੋਂ ਵੀ ਮਿਲ਼ਦਾ ਏ ਨੱਕੋ-ਨੱਕ ਭਰਿਆ ਬਸ
ਫਗਵਾੜਾ ਹੋਏ, ਨਵਾਂ ਸ਼ਹਿਰ ਜਾਂ ਪ੍ਰੀਤ ਨਗਰ
ਸ਼ਿਵਾਲਿਕ ਸਿਟੀ ਜਾਂ ਰੋਹਿਣੀ
ਟੈਲੀਫ਼ੋਨ 'ਤੇ ਜਾਂ ਆਹਮੋ-ਸਾਹਮਣੇ
ਹਰ ਵੇਲ਼ੇ ਨੱਕੋ-ਨੱਕ ਭਰਿਆ

ਕਈ ਵਾਰ ਸੋਚਦਾਂ ਕਿੱਡਾ ਪੈਂਡਾ ਹੈ ਅਮਰੀਕਾ ਦਾ
ਰਾਹ ਵਿਚ ਡੋਲਦਾ ਹੋਊ 'ਵਾਈ ਜਹਾਜ਼
ਪਰ ਉਹ ਰਹਿੰਦਾ ਹੈ ਭਰਿਆ ਨੱਕੋ-ਨੱਕ
ਭਾਵੁਕਤਾ ਨਾਲ
ਸੁਹਿਰਦਤਾ ਨਾਲ
ਸਿਮਰਤੀਆਂ ਨਾਲ
ਪਤਾ ਨਹੀਂ ਇਹ ਗੱਲ ਉਸ ਨੇ ਖ਼ੁਸ਼ਬੋ ਤੋਂ ਸਿੱਖੀ ਹੈ
ਜਾਂ ਖ਼ਾਮੋਸ਼ੀ ਤੋਂ
ਜਾਂ ਉਸ ਸੰਗਤ ਤੋਂ
ਜਿੱਥੇ ਬੰਦਾ ਸਾਰੇ ਦਾ ਸਾਰਾ ਇਕ ਜੋਤ ਹੋ ਜਾਂਦਾ ਹੈ

ਕਈ ਲੋਕ ਕਹਿੰਦੇ ਨੇ
ਮੇਰੇ ਵਿਅਕਤੀ-ਚਿੱਤਰ ਦੋ ਤਰ੍ਹਾਂ ਦੇ ਹੁੰਦੇ ਨੇ
ਇਕ ਉਹ ਜੋ ਲਿਖੇ ਜਾਂਦੇ ਨੇ
ਦੂਜੇ ਉਹ ਜੋ ਲਿਖਦਾ ਹਾਂ ਡਿਜ਼ਾਈਨ ਕਰਕੇ
ਸੋਚਦਾਂ ਕੀ ਹੈ ਜੋ ਡਿਜ਼ਾਈਨ ਨਹੀਂ ਕੀਤਾ ਹੁੰਦਾ?
ਲਿਖਤ ਤੋਂ ਰਚਨਾ ਤੱਕ ਦਾ ਫ਼ਾਸਲਾ
ਦੁੱਧ ਦੀ ਨਦੀ ਕੱਢਣ ਬਰਾਬਰ ਹੈ

ਇਸੇ ਨੂੰ ਸ਼ਾਇਰ 'ਦਿਲ ਨੂੰ ਅੱਗ ਲੱਗਣਾ' ਕਹਿੰਦਾ ਹੈ
ਜਾਂ ਵਾਰਿਸ ਸ਼ਾਹ 'ਘਿਉ ਦੇ ਦੀਵੇ' ਬਾਲ਼ਦਾ ਹੈ

ਦੋਸਤੀ ਦੇ ਮਸਲੇ ਵਿਚ
ਸਾਡੀਆਂ ਕਈ ਗੱਲਾਂ ਮਿਲਦੀਆਂ ਨੇ
ਮੋੜਵਾਂ ਜਵਾਬ ਨਾ ਦੇਣਾ
ਚੁੱਪ ਨੂੰ ਇਸ਼ਟ ਮੰਨ ਲੈਣਾ
ਕਈਆਂ ਉਹਦੇ ਨਾਲ਼ ਲਿਖ ਕੇ ਵੈਰ ਲਿਆ
ਕਈਆਂ 'ਗੱਲਾਂ' ਕਰਕੇ
ਪਰ ਉਹਦਾ ਜਵਾਬ ਹਮੇਸ਼ ਚੁੱਪ 'ਚ ਹੁੰਦਾ
ਦੋਸਤੀ ਦਾ ਇਹ ਤਕਾਜ਼ਾ ਵੀ ਹੁੰਦਾ
ਦੁੱਖ ਅੰਦਰ ਬਹਿ ਜਾਂਦਾ
ਆਂਦਰਾਂ ਦੀ ਗੰਢ ਬੱਝ ਜਾਂਦੀ
ਡੁੱਬੀ ਤਾਂ ਜੇ ਸਾਹ ਨਾ ਆਇਆ

ਵੇਖਣ ਨੂੰ ਫ਼ਿਲਮੀ ਨਾਇਕ ਲੱਗਦਾ ਹੈ
ਪਤਲਾ ਤਰਾਸ਼ਿਆ ਸਰੀਰ
ਗੋਰਾ ਚਿਹਰਾ
ਡੋਰੇਦਾਰ ਅੱਖਾਂ
ਪੋਚਵੀਂ ਪੱਗ
ਤੇ ਲੁੱਟ ਲੈਣ ਵਾਲੀ ਅਦਾ
ਸ਼ਾਇਦ ਇਸੇ ਲਈ ਸੁਹਣੀ ਸੁਨੱਖੀ 'ਨੀਰੂ'
ਪਰਛਾਵੇਂ ਵਾਂਗ ਉਹਦੇ ਨਾਲ ਰਹਿੰਦੀ ਹੈ

ਉਹ ਜਦੋਂ ਵੀ ਫ਼ੋਨ ਕਰਦਾ ਹੈ
ਨੀਰੂ ਦੀ ਛਣਕਵੀਂ ਆਵਾਜ਼
ਫ਼ਿਜ਼ਾਈ ਲਹਿਰਾਂ 'ਚ ਕਿਤੇ ਗੂੰਜ ਰਹੀ ਹੁੰਦੀ ਹੈ
ਤੇ ਮੈਨੂੰ ਉਹ ਸਭ ਕੁਝ ਭੁੱਲ ਜਾਂਦਾ
ਜੋ ਮੈਂ ਪਿਛਲੀ ਤੇ ਹੁਣ ਦੀ ਮੁਲਾਕਾਤ ਤਕ ਸਾਂਭ ਕੇ ਰੱਖਿਆ ਹੁੰਦਾ ਹੈ

ਉਹਦੀ ਭਾਵੁਕਤਾ ਮਸ਼ਹੂਰ ਹੈ

ਉਸੇ ਤਰ੍ਹਾਂ ਜਿਵੇਂ ਰਾਜਿੰਦਰ ਸਿੰਘ ਬੇਦੀ ਜਾਂ ਸੁਜਾਨ ਸਿੰਘ ਦੀ ਭਾਵੁਕਤਾ

ਬੇਦੀ ਸਾਹਿਬ ਲਈ ਤਾਂ ਗੱਲ ਕਰਨੀ ਵੀ ਮੁਸ਼ਕਿਲ ਹੁੰਦੀ ਸੀ

ਹੋਰ ਵੀ ਕਈ ਹਨ ਇਹੋ-ਜਿਹੇ

ਮਨ ਦੀ ਬਣਤਰ ਦਾ ਮਸਲਾ ਹੈ

ਨਕਸਲੀ ਲਹਿਰ ਚੱਲੀ

ਤਾਂ ਜੇਲ੍ਹ ਜਾਣ ਵਾਲਿਆਂ ਦੇ ਪਹਿਲੇ ਪੂਰ 'ਚ ਸੀ ਸਹਿਰਾਅ

ਤੇ ਉਹਦੇ ਨਾਲ ਸਨ

ਇਕਬਾਲ ਖ਼ਾਨ, ਪਾਸ਼ ਤੇ ਇਕ ਦੋ ਹੋਰ

ਜੇ ਪਰਵਾਸੀ ਬਣੇ ਤਾਂ ਵੀ ਕਵੀਆਂ'ਚ ਬਹੁਤੇ ਨਕਸਲੀ ਸਨ

ਅਮਰਜੀਤ ਚੰਦਨ, ਸੁਖਵਿੰਦਰ ਕੰਬੋਜ, ਇਕਬਾਲ ਖ਼ਾਨ,

ਸੁਰਿੰਦਰ ਧੰਜਲ ਤੇ ਪਾਸ਼ ਆਦਿ

ਗਏ ਵੀ ਸਾਮਰਾਜੀ ਦੇਸ਼ਾਂ ਇੰਗਲੈਂਡ, ਅਮਰੀਕਾ, ਕੈਨੇਡਾ 'ਚ

ਜੋ ਕਵਿਤਾ 'ਚ ਪਹਿਲਾ ਨਿਸ਼ਾਨਾ ਸਨ

ਇਹਨਾਂ 'ਚੋਂ ਕਈ ਤਾਂ ਪੱਕੇ ਗੁਰੂ ਦੇ ਲਾਡਲੇ ਹੋ ਗਏ ਨੇ

ਪੂਰੇ ਬਾਣੀ (ਬੱਸ ਕੱਕਾਰ ਪਾਉਣੇ ਬਾਕੀ ਨੇ) ਧਾਰੀ

ਕਿਆ ਚਿੰਤਨੀ ਰੂਪਾਂਤਰ ਹੈ

ਗੱਲ ਤੁਰੀ ਹੈ ਤਾਂ ਚੇਤਾ ਆਇਆ

ਇੰਦਰਾ ਦੀ ਐਮਰਜੈਂਸੀ ਵੇਲ਼ੇ ਵੀ

ਬੁੱਧੀਜੀਵੀਆਂ ਕਾਮਰੇਡੂਆਂ ਇਹਦੇ ਸੋਹਲੇ ਗਾਏ ਸਨ

'ਨਹਿਰੂਵਾਦੀ ਕਾਲ' ਦੀ ਨੀਂਹ ਰੱਖੀ

ਇਨਕਲਾਬ ਜ਼ਿੰਦਾਬਾਦ

ਸ਼ੁਕਰ ਏ,

ਸਹਿਰਾਅ ਅਜੇ ਵੀ ਦਿਲ ਦੀ ਸ਼ਾਇਰੀ ਕਰਦਾ ਹੈ

*

* * * ** ** ** *